Digitized by Arya Samaj Foundation Chennai and eGangotri

10076

ਗੁਰੂ ਰਵਿਦਾਸ
ਜੀਵਨ ਅਤੇ ਰਚਨਾ

DONATION

ਡਾ. ਮਨਮੋਹਨ ਸਿੰਘ

ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ-110015

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

100076
Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਰਵਿਦਾਸ
ਜੀਵਨ ਅਤੇ ਰਚਨਾ

10076
DONATION

ਡਾ: ਮਨਮੋਹਨ ਸ਼ਿਖਿਆ
ਆਨਰਜ਼, ਐਮ. ਏ., (ਦਿੱਲੀ ਯੂ.), ਪੀ-ਐਚ.ਡੀ. (ਪੰਜਾਬ ਯੂ.)
ਅਧਿਅਕਸ਼, ਪੰਜਾਬੀ ਵਿਭਾਗ,
ਡਾਇਰੈਕਟੋਰੇਟ, ਪੱਤਰ ਵਿਹਾਰ-ਸਿੱਖਿਆ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

Forwarded Free of Cost and With The
Compliments of The Deptt of Edu.
Govt. of India, NEW DELHI.

ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ-110015

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Guru Ravi Dass : Jiwan Atey Rachna

© ਡਾ: ਮਨਮੋਹਨ ਸਿੰਘ

ਪਹਿਲਾ ਸੰਸਕਰਣ : 1977

Sales Division :
23/15B, Tilak Nagar, NEW DELHI-110018.

ਪ੍ਰਕਾਸ਼ਕ :
ਕ੍ਰਿਸ਼ਣ ਗੋਪਾਲ ਦਾਸ ਕੋਹਲੀ, 9/56, ਮੋਤੀ ਨਗਰ
ਨਵੀਂ ਦਿੱਲੀ–110015
ਪ੍ਰਿੰਟਰ : ਤੁਕਸ਼ਿਲਾ ਆਰਟ ਪ੍ਰਿੰਟਿੰਗ ਪ੍ਰੈਸ, 3/15 ਏ, ਚੰਡੀਗੜ੍ਹ

CC-0. In Public Domain. Gurukul Kangri Collection, Haridwar

Forwarded Free of Cost and With The Complimenis of The Deptt. of Edu. Govt. of India, NEW DELHI.
Digitized by Arya Samaj Foundation Chennai and eGangotri

ਭੂਮਿਕਾ

ਇਸ ਪੁਸਤਕ ਦੀ ਰਚਨਾ ਦਾ ਮਨੋਰਥ ਰਵਿਦਾਸ ਜੀ ਦੀ ਛੇਵੀਂ ਜਨਮ ਸ਼ਤਾਬਦੀ ਦੇ ਸ਼ੁਭ ਅਵਸਰ ਤੇ ਉਹਨਾਂ ਨੂੰ ਆਪਣੀ ਹੀ ਮਨਸ਼ਾ ਅਤੇ ਸਮੱਰਥਾ ਅਨੁਸਾਰ ਸ਼ਰਧਾਂਜਲੀ ਦੇ ਤਿੱਲ-ਫੁੱਲ ਅਰਪਿਤ ਕਰਨਾ ਹੈ। ਇਸ ਰਚਨਾ ਦਾ ਪ੍ਰੇਰਣਾ-ਸ੍ਰੋਤ 1971 ਵਿੱਚ ਦੋ ਸ਼ੋਧ-ਪੱਤਰਾਂ—'ਦੱਖਣ ਦੇ ਵੈਸ਼ਣਵ ਆਲਵਾਰ ਅਤੇ ਰਵਿਦਾਸ' ਅਤੇ 'ਭਗਤ ਰਵਿਦਾਸ ਦੀ ਭਗਤੀ ਪਰਕ ਵਿਚਾਰਧਾਰਾ'—ਦੀ ਰਚਨਾ ਪ੍ਰਕਿਰਿਆ ਦੇ ਅੰਤਰਗਤ ਰਵਿਦਾਸ ਜੀ ਦੀ ਬਾਣੀ ਦਾ ਕੀਤਾ ਗਿਆ ਮਨਨ, ਅਧਿਅਨ ਅਤੇ ਅਨੁਸ਼ੀਲਨ ਹੈ।

ਇਸ ਪੁਸਤਕ ਦੇ ਪ੍ਰਕਾਸ਼ਨ ਲਈ ਲੇਖਕ ਮੈਸਰਜ਼ ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ ਅਤੇ ਮਾਲਕ ਤਕਸ਼ਿਲਾ ਆਰਟ ਪ੍ਰਿੰਟਿੰਗ ਪ੍ਰੈਸ, ਚੰਡੀਗੜ੍ਹ ਦਾ ਅਤਿ ਧੰਨਵਾਦੀ ਹੈ ਜਿਨ੍ਹਾਂ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਹੀ ਇਹ ਪੁਸਤਕ ਯੋਗ ਸਮੇਂ ਤੇ ਪਾਠਕਾਂ ਦੇ ਹੱਥਾਂ ਵਿੱਚ ਜਾਣ ਲਈ ਆਪਣਾ ਵਰਤਮਾਨ ਰੂਪ ਧਾਰਣ ਕਰ ਸਕੀ।

ਆਸ ਹੈ ਪਾਠਕ ਜਨ ਅਤੇ ਵਿਸ਼ੇਸ਼ ਤੌਰ ਤੇ ਗੁਰੂ ਰਵਿਦਾਸ ਜੀ ਦੇ ਨਾਮ-ਲੇਵਾ ਇਸ ਪੁਸਤਕ ਨੂੰ ਅਪਣਾ ਕੇ ਉਹਨਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਨ ਦੀ ਖੁਸ਼ੀ ਪ੍ਰਾਪਤ ਕਰਨਗੇ।

ਰਵਿਦਾਸ ਜੀ ਸੰਬੰਧੀ ਅਨੇਕ ਗ੍ਰੰਥਾਂ ਦੇ ਨਿਰਮਾਣ ਦੀ ਇਕ ਵਿਸ਼ਾਲ ਯੋਜਨਾ ਪ੍ਰਤੀ ਲੇਖਕ ਕਾਫੀ ਸਮੇਂ ਤੋਂ ਜਤਨਸ਼ੀਲ ਹੈ ਪਰ ਇਸ ਦੀ ਨਿਰਵਿਘਨ ਸੰਪੰਨਤਾ ਅਤੇ ਸਫਲਤਾ ਪਾਠਕਾਂ ਅਤੇ ਰਵਿਦਾਸ ਜੀ ਸੰਬੰਧੀ ਸਾਹਿਤਕ ਪੱਖ ਤੋਂ ਸਰਗਰਮ ਸੰਸਥਾਵਾਂ ਅਤੇ ਸਰਕਾਰਾਂ ਦੇ ਭਰਪੂਰ ਹੁੰਗਾਰੇ ਦੀ ਮੁਥਾਜ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਕ੍ਰਮ	ਵਿਸ਼ਾ	ਪੰਨਾ
ਭੂਮਿਕਾ		
ਜੀਵਨ-ਪਰੀਚੈ		
1.	ਜਨਮ	5
2.	ਜਾਤਿ	6
3.	ਕਿੱਤਾ	8
4.	ਗ੍ਰਹਿਸਤ-ਆਸ਼ਰਮ	8
5.	ਗੁਰ-ਪ੍ਰਣਾਲੀ	9
6.	ਰਵਿਦਾਸ ਅਤੇ ਕਬੀਰ	11
7.	ਨਿਰਗੁਣਵਾਦੀ ਕਿ ਸਗੁਣਵਾਦੀ	13
8.	ਰਵਿਦਾਸ, ਮੀਰਾਂਬਾਈ ਅਤੇ ਝਾਲੀ ਰਾਣੀ	15
9.	ਰਵਿਦਾਸ-ਸੰਪ੍ਰਦਾਇ	17
10.	ਵਿਅਕਤਿੱਤਵ	17
ਰਚਨਾ		
(ਟੀਕਾ-ਵਿਆਖਿਆ ਸਹਿਤ)		21

CC-0. In Public Domain. Gurukul Kangri Collection, Haridwar

Forwarded Free of Cost and With The Compliments of the Deptt. of Edu., Govt. of India, New Delhi.
Digitized by Arya Samaj Foundation Chennai and eGangotri

ਜੀਵਨ-ਪਰੀਚੈ

੧. ਜਨਮ : ਰਵਿਦਾਸ ਜੀ ਦਾ ਜਨਮ ਬਨਾਰਸ ਦੇ ਨੇੜੇ ਮੰਡੂਰਗੜ੍ਹ ਨਾਮੀ ਗਰਾਂ ਵਿਚ ਹੋਇਆ ਮੰਨਿਆਂ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਗਰਾਂ ਦਾ ਪੁਰਾਣਾ ਨਾਮ 'ਮੰਡੂਆ ਡੀਹ'[1] ਸੀ। ਇਹਨਾਂ ਦੇ ਪਿਤਾ ਦਾ ਨਾਮ ਰੱਘੂ (ਰਾਘਵ) ਅਤੇ ਮਾਤਾ ਦਾ ਨਾਮ ਕਰਮਾ ਦੇਵੀ ਦਸਿਆ ਜਾਂਦਾ ਹੈ।[2] ਪਰ 'ਭਵਿਸ਼ ਪੁਰਾਣ' ਦੇ ਅਨੁਸਾਰ ਰਵਿਦਾਸ ਜੀ ਦੇ ਪਿਤਾ ਦਾ ਨਾਮ ਮਾਨ ਦਾਸ ਸੀ।[3]

ਰਵਿਦਾਸ ਜੀ ਦੀ ਜਨਮ-ਮਰਣ ਦੀ ਤਿਥੀ ਸੰਬੰਧੀ ਸਹੀ ਜਾਣਕਾਰੀ ਨਹੀਂ ਮਿਲਦੀ। ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਇਹਨਾਂ ਦਾ ਜਨਮ ਸੰਮਤ ੧੪੩੩ ਬਿਕ੍ਰਮੀ ਅਤੇ ਦੇਹਾਂਤ ਸੰਮਤ ੧੫੮੪[4] ਬਿਕ੍ਰਮੀ ਮੰਨਦੇ ਜਾਪਦੇ ਹਨ। ਡਾ: ਬੀ. ਪੀ. ਸ਼ਰਮਾ ਦਾ ਵੀ

---

1. (ੳ) ਰਵਿਦਾਸ ਦਰਸ਼ਨ, ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ, 'ਅਪਨੀ ਬਾਤ' ਪੰਨਾ 'ਖ' ਅਤੇ ਪੰਨਾ ੬੪
   (ਅ) ਸੰਤ ਗੁਰੂ ਰਵਿਦਾਸ, ਡਾ: ਬੀ. ਪੀ. ਸ਼ਰਮਾ, ਪੰਨਾ ੮
2. (ੳ) ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਸੰਮਤ ੨੦੨੧, ਪੰਨਾ ੨੩੯
   (ਅ) ਸੰਤ ਗੁਰੂ ਰਵਿਦਾਸ, ਡਾ: ਬੀ. ਪੀ. ਸ਼ਰਮਾ, ਪੰਨਾ ੯
3. (ੳ) ਭਵਿਸ਼ ਪੁਰਾਣ, ਚੌਥਾ ਖੰਡ, ਅਧਿਆਇ ੧੮, ਸਲੋਕ ੫੭
   (ਅ) ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੦
4. ਰਵਿਦਾਸ ਦਰਸ਼ਨ, ਪੰਨਾ ੭੨

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹੀ ਵਿਚਾਰ ਜਾਪਦਾ ਹੈ।[5] ਪਰ ਨਾਲ ਹੀ ਇਹਨਾਂ ਨੇ ਜਨਮ ਤਿਥੀ ਸੰਮਤ ੧੪੪੫ ਵੀ ਦਿਤੀ ਹੈ।[6] ਆਪ ਨੇ ਇਹ ਵੀ ਦਸ ਪਾਈ ਹੈ ਕਿ ਡਾ: ਜ਼ਾਨ ਫਰਕੁਹਰ, ਐਚ. ਐਚ. ਵਿਲਸਨ, ਮੈਕਾਲਿਫ ਅਤੇ ਡਾ. ਤਾਰਾ ਚੰਦ ਨੇ ਰਵਿਦਾਸ ਜੀ ਦਾ ਜਨਮ ਸੰਮਤ ੧੪੭੦ ਬਿਕ੍ਰਮੀ ਮੰਨਿਆ ਹੈ।[7] ਸਾਡੀ ਜਾਚੇ ਇਸ ਸੰਬੰਧੀ ਅਜੇ ਵਧੇਰੇ ਖੋਜ ਦੀ ਲੋੜ ਹੈ।

੨. ਜਾਤਿ : ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਧੰਨਾ ਨੇ ਕਿਹਾ ਕਿ ਹੈ ਰਵਿਦਾਸ ਜੀ ਨੇ ਨਿਤ ਪ੍ਰਤੀ ਢੋਰਾਂ ਦਾ ਕੰਮ ਕਰਦਿਆਂ ਹੋਇਆਂ ਵੀ ਮਾਇਆ ਦਾ ਤਿਆਗ ਕਰ ਦਿੱਤਾ, ਸਾਧੂਆਂ ਦੀ ਸੰਗਤਿ ਵਿਚ ਰਹਿੰਦਿਆਂ ਹੋਇਆਂ ਆਪ ਭਗਵਾਨ ਦੇ ਦਰਸ਼ਨ ਕਰਨ ਵਿਚ ਸਫ਼ਲ ਹੋਏ।[8] ਰਵਿਦਾਸ ਜੀ ਦੁਆਰਾ ਰਚਿਤ ਸ਼ਬਦਾਂ ਤੋਂ ਵੀ ਗਿਆਤ ਹੁੰਦਾ ਹੈ ਕਿ ਆਪ ਦੇ ਕੁਟੰਬ ਵਾਲੇ ਬਨਾਰਸ ਦੇ ਆਸ ਪਾਸ ਢੋਰਾਂ ਅਥਵਾ ਮਿਰਤਕ ਪਸ਼ੂਆਂ ਨੂੰ ਢੋ ਢੋ ਕੇ ਲਿਜਾਇਆ ਕਰਦੇ ਸਨ। ਅਜਿਹੇ ਲੋਕਾਂ ਦੇ ਵੰਸ਼ ਵਿਚ ਹੁੰਦਿਆਂ ਹੋਇਆਂ ਵੀ ਮਰਯਾਦਾਵਾਦੀ ਬ੍ਰਾਹਮਣ ਆਪ ਨੂੰ ਸਤਿਕਾਰ ਸਹਿਤ ਡੰਡਵਤ ਪ੍ਰਣਾਮ ਕਰਦੇ ਸਨ।[9]

---

5. ਸੰਤ ਗੁਰੂ ਰਵਿਦਾਸ, ਪੰਨਾ ੧੩
6. ਸੰਤ ਗੁਰੂ ਰਵਿਦਾਸ, ਪੰਨਾ ੮
7. ਸੰਤ ਗੁਰੂ ਰਵਿਦਾਸ, ਪੰਨਾ ੮-੯
8. ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥੨॥
(ਰਾਗੁ ਆਸਾ, ਬਾਣੀ ਧੰਨੇ ਭਗਤ ਜੀ ਕੀ, ਸ਼ਬਦਾਰਥ, ਪੰਨਾ ੪੮੭)
9. (ੳ) ਜਾਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੜੇ ਸਪਸ਼ਟ ਸ਼ਬਦਾਂ ਵਿੱਚ ਆਪ ਨੇ ਕਿਹਾ ਹੈ ਕਿ ਮੇਰੀ ਜਾਤਿ ਚਮਾਰ'[10] ਦੇ ਨਾਮ ਨਾਲ ਪ੍ਰਸਿੱਧ ਹੈ। ਇਸੇ ਲਈ ਆਪ ਨੇ ਅਪਣੇ ਆਪ ਨੂੰ ਮੁੜ-ਮੁੜ ਚਮਾਰ[11] ਅਤੇ ਨੀਚ ਜਾਤਿ[12] ਦਾ ਕਹਿ ਕੇ

ਫਿਰਹਿ ਅਜਹ ਬਨਾਰਸੀ ਆਸ ਪਾਸਾ ।।
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ ।। ੩ ।। ੨ ।।
(ਰਾਗੁ ਮਲਾਰ, ਸ਼ਬਦਾਰਥ, ਪੰਨਾ ੧੨੯੩)

(ਅ) ਮੇਰੀ ਜਾਤਿ ਕੁਟ ਬ ਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ।।
ਅਬ ਬਿਪ੍ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ।।੩।।੧।।
(ਰਾਗੁ ਮਲਾਰ, ਸ਼ਬਦਾਰਥ, ਪੰਨਾ ੧੨੯੩)

10. ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ ।।
(ਰਾਗੁ ਮਲਾਰ, ਸ਼ਬਦਾਰਥ, ਪੰਨਾ ੧੨੯੩)

. (ਉ) ਕਹਿ ਰਵਿਦਾਸ ਖਲਾਸ ਚੰਮਾਰਾ ।।
(ਰਾਗ ਗਉੜੀ, ਸ਼ਬਦਾਰਥ, ਪੰਨਾ ੩੪੫)

(ਅ) ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ।।
(ਰਾਗ ਗਉੜੀ ਸ਼ਬਦਾਰਥ, ਪੰਨਾ ੩੪੬)

(ਏ) ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ।। (ਰਾਗ ਆਸਾ, ਸ਼ਬਦਾਰਥ, ਪੰਨਾ ੪੮੬)

(ਸ) ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ।। (ਰਾਗ ਸੋਰਠਿ, ਸ਼ਬਦਾਰਥ, ਪੰਨਾ ੬੫੯)

(ਹ) ਚਮਰਟਾ ਗਠਿ ਨਾ ਜਨਈ ।।
ਲੋਗੁ ਗਠਾਵੈ ਪਨਹੀ ।। ੧ ।। ਰਹਾਉ ।।
ਆਰ ਨਹੀ ਜਿਹ ਤੋਪਉ ।। ਨਹੀ ਰਾਂਬੀ ਠਾਉ ਰੋਪਉ ।।੧
(ਰਾਗ ਸੋਰਠਿ, ਸ਼ਬਦਾਰਥ, ਪੰਨਾ ੬੫੯)

. ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।।
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ।।
(ਰਾਗ ਗਉੜੀ, ਸ਼ਬਦਾਰਥ, ਪੰਨਾ ੩੪੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਕਾਰਿਆ ਹੈ। ਇਥੋਂ ਠੀਕ ਕਿ ਆਪਣੀ ਜਾਤਿ ਲਈ ਆਪ ਨੇ 'ਓਛੀ'[13]ਅਤੇ 'ਕਮੀਨੀ'[14] ਜਿਹੇ ਸ਼ਬਦਾਂ ਦੀ ਵੀ ਵਰਤੋਂ ਕੀਤੀ ਹੈ।

੩. ਕਿੱਤਾ : ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਰਵਿਦਾਸ ਜੀ ਨੇ ਆਪਣੇ ਪੁਰਖਾਂ ਦੇ ਕਿੱਤੇ ਨੂੰ ਹੀ ਆਪਣੇ ਜੀਵਨ ਵਿਚ ਅਪਣਾਇਆ ਅਤੇ ਇਹੀ ਆਪ ਜੀ ਦੀ ਜੀਵਕਾ ਦਾ ਆਧਾਰ ਬਣਿਆਂ ਜਿਸ ਨੂੰ ਆਪ ਨੇ ਕਦੀ ਨਹੀਂ ਛੱਡਿਆ[15]।

੪. ਗ੍ਰਹਿਸਤ ਆਸ਼ਰਮ : ਰਵਿਦਾਸ ਜੀ ਗ੍ਰਹਿਸਤੀ ਸਨ ਜਾਂ ਨਹੀਂ, ਇਸ ਸੰਬੰਧੀ ਵਿਦਵਾਨ ਇਕਮਤ ਨਹੀਂ ਹਨ। ਫਰਕ ਹਰ ਸਾਹਿਬ[16] ਅਤੇ ਛਿਤੀ ਮੋਹਨ ਸੇਨ[17] ਨੇ ਆਪ ਨੂੰ ਗ੍ਰਹਿਸਤੀ ਮੰਨਿਆਂ ਹੈ ਪਰ ਪਰਸ਼ੁਰਾਮ ਚਤੁਰਵੇਦੀ ਨੇ ਇਸ ਸੰਬੰਧੀ ਸੰਦੇਹ ਪ੍ਰਗਟ ਕੀਤਾ ਹੈ[18]। ਬ੍ਰਿਗਜ਼ ਦੇ ਮਤ ਅਨੁਸਾਰ ਆਪ ਦੀ ਪਤਨੀ ਦਾ ਨਾਂ ਲੋਨਾ ਸੀ[19]। 'ਰਵਿਦਾਸ ਪੁਰਾਣ' ਦੇ ਰਚਿਤਾ ਪਰਮਾਨੰਦ

---

13. ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ ।।
(ਰਾਗ ਆਸਾ, ਸ਼ਬਦਾਰਥ, ਪੰਨਾ ੪੮੬)

14. ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ।।
(ਰਾਗ ਸੋਰਠਿ, ਸ਼ਬਦਾਰਥ, ਪੰਨਾ ੬੫੯)

15. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਸੰਮਤ ੨੦੨੧, ਪੰਨਾ ੨੪੦

16. ਆਉਟ ਲਾਈਨ ਆਫ ਦੀ ਰਿਲੀਜਸ ਲਿਟਰੇਚਰ ਆਫ ਇੰਡੀਆ, ਪੰਨਾ ੩੦੬.

17. ਮਿਡੀਵਲ ਮਿਸਟੀਸਿਜ਼ਮ, ਪੰਨਾ ੭੨

18. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੩੯.

19. ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਭਾਗ ੧੦, ਪੰਨਾ ੫੬੦.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਆਮੀ ਦੇ ਅਨੁਸਾਰ ਇਹਨਾਂ ਦਾ ਇਕ ਪੁਤਰ ਵੀ ਸੀ ਜਿਸ ਦਾ ਨਾਮ ਵਿਜੇਦਾਸ ਸੀ[20] ।

ਪ. ਗੁਰ ਪ੍ਰਣਾਲੀ : ਰਵਿਦਾਸ ਜੀ ਦੀ ਗੁਰੂ ਪਰੰਪਰਾ ਵਿਚ ਰਾਮਾਨੰਦ ਅਤੇ ਉਸ ਤੋਂ ਵੀ ਪੂਰਵ ਰਾਮਾਨੁਜ ਦਾ ਨਾਮ ਲਿਆ ਜਾਂਦਾ ਹੈ । ਵਿਦਵਾਨ ਇਸ ਸੰਬੰਧੀ ਇਕ ਮਤ ਨਹੀਂ ਜਾਪਦੇ ਕਿ ਰਵਿਦਾਸ ਜੀ ਰਾਮਾਨੰਦ ਦੇ ਸ਼ਿਸ਼ ਸਨ । ਕਈ ਵਿਦਵਾਨਾਂ ਨੇ ਆਪ ਜੀ ਨੂੰ ਰਾਮਾਨੰਦ ਦਾ ਸ਼ਿਸ਼ ਸਵੀਕਾਰਿਆ[21] ਹੈ ਅਤੇ ਕਈਆਂ ਨੇ

20. (ਅ) ਹਿੰਦੀ ਕੀ ਨਿਰਗੁਣ ਕਾਵਿਯਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਡਾ: ਗੋਵਿੰਦ ਤ੍ਰਿਗੁਣਾਇਤ, ਪੰਨਾ ੩੪.

(ਅ) ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਪੰਨਾ ੨੪੧.

21. (ੳ) 'ਰਾਮਾਨੰਦ ਜੀ ਦੇ ਬਾਰਾ ਸ਼ਿਸ਼ਾਂ ਵਿਚ ਰੈਦਾਸ ਵੀ ਮੰਨੇ ਜਾਂਦੇ ਹਨ । ਇਉਂ ਜਾਪਦਾ ਹੈ ਕਿ ਆਪ ਕਬੀਰ ਤੋਂ ਬਹੁਤ ਚਿਰ ਬਾਅਦ ਰਾਮਾਨੰਦ ਦੇ ਸ਼ਿਸ਼ ਹੋਏ ਕਿਉਂਕਿ ਆਪ ਨੇ ਇਕ ਪਦ ਵਿਚ ਕਬੀਰ ਅਤੇ ਸੇਨ ਨਾਈ ਦੋਹਾਂ ਦੇ ਤਰਨ ਦਾ ਜ਼ਿਕਰ ਕੀਤਾ ਹੈ ।'

(ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮ ਚੰਦਰ ਸ਼ੁਕਲ, ਸੰਮਤ ੨੦੧੫ ਬਿਕ੍ਰਮੀ, ਪੰਨਾ ੭੫)

(ਅ) 'ਇਹ ਰਾਮਾਨੰਦ ਦੇ ਸ਼ਿਸ਼ ਅਤੇ ਕਬੀਰ ਦੇ ਸਮਕਾਲੀਨ ਸਨ ।' (ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਡਾ: ਰਾਮ ਕੁਮਾਰ ਵਰਮਾ, ਪੰਨਾ ੨੨੪)

(ਇ) 'ਰਾਮਾਨੰਦ ਦੇ ਪ੍ਰਮੁਖ ਸ਼ਿਸ਼ਾਂ ਵਿੱਚੋਂ ਇਕ ਰਵਿਦਾਸ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸੰਬੰਧੀ ਸੰਦੇਹ ਪ੍ਰਗਟ ਕੀਤਾ ਹੈ।[22]

ਵੀ ਸਨ।'

(ਹਿੰਦੀ ਸਾਹਿਤਯ ਕਾ ਵੈਗਿਆਨਿਕ ਇਤਿਹਾਸ, ਡਾ: ਗਣਪਤਿ ਚੰਦਰ ਗੁਪਤ, ਸੰਨ ੧੯੬੫ ਪੰਨਾ ੨੦੮)

(ਸ) 'ਨਿਸਚੇ ਹੀ ਉਹਨਾਂ ਦਾ ਜਨਮ ਬਨਾਰਸ ਪ੍ਰਾਂਤ ਵਿਚ ਕਿਸੇ ਸਥਲ ਤੇ ਹੋਇਆ ਹੋਵੇਗਾ। ਬਨਾਰਸ ਨਿਵਾਸੀ ਹੋਣ ਕਾਰਣ ਹੀ ਉਹ ਸੁਆਮੀ ਰਾਮਾਨੰਦ ਦੇ ਮਹੱਤਵ ਤੋਂ ਪਰਿਚਿਤ ਹੋ ਕੇ ਉਹਨਾਂ ਦੇ ਸ਼ਿਸ਼ ਹੋ ਗਏ ਹੋਣਗੇ।'

(ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਡਾ: ਗੋਵਿੰਦ ਤ੍ਰਿਗੁਣਾਇਤ, ਸੰਨ ੧੯੬੧, ਪੰਨਾ ੩੩)

(ਹ) ਭਵਿਸ਼ ਪੁਰਾਣ (ਖੰਡ ਚੌਥਾ, ਅਧਿਆਇ ੧੭-੧੮) ਵਿਚ ਜ਼ਿਕਰ ਹੈ ਕਿ ਮਾਨਦਾਸ ਚਮਾਰ ਦੇ ਪੁਤਰ ਰੈਦਾਸ ਨੇ ਕਾਂਸ਼ੀ ਵਿੱਚ ਰਾਮ-ਭਗਤ ਕਬੀਰ ਨੂੰ ਸ਼ਾਸਤ੍ਰਾਰਥ ਵਿੱਚ ਹਰਾਇਆ ਸੀ ਪਰ ਆਪ ਸ਼ੰਕਰਾਚਾਰੀਆ ਤੋਂ ਹਾਰ ਗਏ ਅਤੇ ਉਪ੍ਰੰਤ ਇਹਨਾਂ ਨੇ ਸੁਆਮੀ ਰਾਮਾਨੰਦ ਦਾ ਸ਼ਿਸ਼ਤਵ ਗ੍ਰਹਿਣ ਕਰ ਲਿਆ।

(ਆਚਾਰੀਆ ਪਰਸ਼ੁਰਾਮ ਚਤੁਰਵੇਦੀ ਨੇ ਆਪਣੀ ਪੁਸਤਕ 'ਉੱਤਰੀ ਭਾਰਤ ਕੀ ਸੰਤ ਪਰੰਪਰਾ' ਪੰਨਾ ੨੪੦ ਅਤੇ ਡਾ: ਬੀ. ਪੀ. ਸ਼ਰਮਾ ਨੇ ਆਪਣੀ ਪੁਸਤਕ 'ਸੰਤ ਗੁਰੂ ਰਵਿਦਾਸ' ਪੰਨਾ ੨੦ ਤੇ ਇਸ ਕਥਨ ਦਾ ਉਲੱਖ ਕੀਤਾ ਹੈ।)

22. (ਉ) 'ਇਹਨਾਂ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬. ਰਵਿਦਾਸ ਅਤੇ ਕਬੀਰ : ਰਵਿਦਾਸ ਜੀ ਕਬੀਰ ਜੀ ਦ ਸਮਕਾਲੀ ਸਨ, ਉਨ੍ਹਾਂ ਤੋਂ ਵੱਡੇ ਜਾਂ ਛੋਟੇ ਸਨ, ਇਸ ਸੰਬੰਧੀ ਵੀ

ਕਿਸੇ ਵੀ ਪ੍ਰਾਪਤ ਪਦ ਵਿਚ ਸਵੀਕਾਰ ਨਹੀਂ ਕੀਤਾ, ਨਾ ਇਹਨਾਂ ਦੀ ਕਿਸੇ ਵੀ ਪੰਗਤੀ ਤੋਂ ਅਜਿਹਾ ਪ੍ਰਗਟ ਹੁੰਦਾ ਹੈ ਕਿ ਇਹ ਉਹਨਾਂ ਦੇ ਸਮਕਾਲੀਨ ਸਨ। ਇਸੇ ਤਰ੍ਹਾਂ ਕਾਂਸ਼ੀ ਵਿਚ ਹੀ ਕੁਟੀ ਜਾਂ ਗੁਫਾ ਦੇ ਅੰਦਰ ਨਿਵਾਸ ਕਰ ਕੇ ਸਾਧਨਾ ਵਿਚ ਨਿਰਤ ਰਹਿਣ ਵਾਲੇ ਦੀਰਘ ਜੀਵੀ ਸੁਆਮੀ ਰਾਮਾਨੰਦ ਤੋਂ ਵੀ ਇਹਨਾਂ ਦਾ ਕਿਸੇ ਸਮੇਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਭਾਵਿਤ ਹੋ ਜਾਣਾ ਅਸੰਭਵ ਨਹੀਂ ਕਿਹਾ ਜਾ ਸਕਦਾ। ਪਰ ਇਸ ਵਿਚ ਸੰਦੇਹ ਨਹੀਂ ਕਿ ਸੁਆਮੀ ਰਾਮਾਨੰਦ ਦੁਆਰਾ ਇਹਨਾਂ ਦਾ ਦੀਖਿਅਤ ਹੋਣਾ ਸਿਧ ਕਰਨ ਦੇ ਲਈ ਸੇਨ ਨਾਈ, ਕਬੀਰ ਸਾਹਿਬ, ਅਤੇ ਪੀਪਾ ਜੀ ਤੋਂ ਵੀ ਕਿਤੇ ਵਧ ਪ੍ਰਮਾਣਾਂ ਦੀ ਲੋੜ ਪਵੇਗੀ।'

(ਉੱਤਰੀ ਭਾਰਤ ਕੀ ਸੰਤ ਪਰੰਪਰਾ, ਆਚਾਰੀਆ ਪਰਸ਼ੁਰਾਮ ਚਤੁਰਵੇਦੀ, ਪੰਨਾ ੨੪੦)

ਅ) 'ਸਾਧਾਰਣ ਭੈਰ ਤੇ ਰੈਦਾਸ ਜੀ ਵੀ ਸੁਆਮੀ ਰਾਮਾਨੰਦ ਜੀ ਦੇ ਬਾਰਾਂ ਸ਼ਿਸ਼ਾਂ ਵਿਚੋਂ ਪ੍ਰਮੁਖ ਮੰਨੇ ਜਾਂਦੇ ਹਨ। 'ਅਗਸ-ਤਯ ਸੰਹਿਤਾ', 'ਭਕਤਮਾਲ', 'ਪ੍ਰਿਆਦਾਸ ਦੀ ਟੀਕਾ', ਰੀਵਾ ਨਰੇਸ਼ ਰਘੁਰਾਜ ਸਿੰਘ ਦਾ ਗ੍ਰੰਥ 'ਭਕਤਮਾਲ ਰਾਮਰਸਿਕਾਵਲੀ' ਆਦਿ ਇਸੇ ਮਤ ਦਾ ਸਮਰਥਨ ਕਰਦੇ ਹਨ। ਫਿਰ ਵੀ ਵਿਦਵਾਨਾਂ ਨੂੰ ਅਜੇ ਇਸ ਦੇ ਪੱਖ ਵਿਚ ਠੋਸ ਪ੍ਰਮਾਣ ਨਹੀਂ ਮਿਲ ਸਕੇ।' (ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿੱਤਯ ਪਰ ਉਸ ਕਾ ਪ੍ਰਭਾਵ, ਡਾ: ਬਦਰੀ ਨਾਰਾਇਣ ਸ਼੍ਰੀਵਾਸਤਵ, ਪੰਨਾ ੧੮੭)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਵਾਨਾਂ ਵਿਚ ਮਤਭੇਦ ਹੈ। ਜਿਥੇ ਰਾਮਚੰਦਰ ਸ਼ੁਕਲ[23] ਅਤੇ ਅਚਾਰੀਆ ਪਰਸ਼ੁਰਾਮ ਚਤੁਰਵੇਦੀ[24] ਕਬੀਰ ਜੀ ਨੂੰ ਰਵਿਦਾਸ ਜੀ ਤੋਂ ਵੱਡਾ ਸਮਝਦੇ ਹਨ, ਉਥੇ ਡਾ: ਹਜ਼ਾਰੀ ਪ੍ਰਸਾਦ ਦਿਵੇਦੀ,[25] ਅਚਾਰੀਆ ਪ੍ਰਿਥਵੀ ਸਿੰਘ ਅਜਾਦ[26] ਅਤੇ ਡਾ: ਬੀ. ਪੀ. ਸ਼ਰਮਾ[27]

---

23. 'ਇਉਂ ਜਾਪਦਾ ਹੈ ਕਿ ਇਹ ਕਬੀਰ ਤੋਂ ਬਹੁਤ ਦੇਰ ਬਾਅਦ ਰਾਮਾਨੰਦ ਦੇ ਸ਼ਿਸ਼ ਹੋਏ'। (ਹਿੰਦੀ ਸਾਹਿੱਤਯ ਕਾ ਇਤਿਹਾਸ, ਰਾਮ ਚੰਦਰ ਸ਼ੁਕਲ, ਪੰਨਾ ੭੫)

24. 'ਕਬੀਰ ਸਾਹਿਬ ਨਾਲ ਇਹਨਾਂ ਦੀ ਭੇਟ ਦੀ ਇਕ – ਅੱਧ ਕਥਾ ਜ਼ਰੂਰ ਪ੍ਰਚਲਿਤ ਹੈ।...ਪਰ ਇਹਨਾਂ ਦਾ ਕਾਸ਼ੀ ਵਿਚ ਰਹਿਣਾ ਜੇਕਰ ਘਟ ਤੋਂ ਘਟ ਉਕਤ ਪਦ ਵਿਚ ਆਏ ਹੋਏ 'ਬਨਾਰਸ ਦੇ ਆਸ ਪਾਸ ਢੋਰਾਂ ਦੇ ਢੋਣ ਵਾਲੇ ਕੁਟੁੰਬਾਂ ਤੋਂ ਸਿੱਧ ਕੀਤਾ ਜਾ ਸਕੇ ਤਾਂ ਉਥੇ ਹੀ ਦੀਰਘ ਕਾਲ ਤਕ ਨਿਵਾਸ ਕਰਨ ਵਾਲੇ ਕਬੀਰ ਸਾਹਿਬ ਦੇ ਨਾਲ ਇਹਨਾਂ ਦੀ ਭੇਂਟ ਇਹਨਾਂ ਦੀ ਜਵਾਨੀ ਦੀ ਅਵਸਥਾ ਵਿਚ ਹੀ ਸਹੀ ਜ਼ਰੂਰ ਹੋਈ ਹੋਵੇਗੀ ਅਤੇ ਇਹ ਉਹਨਾਂ ਤੋਂ ਕਾਫੀ ਪ੍ਰਭਾਵਿਤ ਵੀ ਹੋਏ ਹੋਣਗੇ।' (ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਪੰਨਾ ੨੪੦)

25. 'ਰੈਦਾਸ ਕਬੀਰ ਤੋਂ ਅਵਸਥਾ ਵਿਚ ਕਦਾਚਿਤ ਵੱਡੇ ਸਨ'। (ਹਿੰਦੀ ਸਾਹਿੱਤਯ ਕੀ ਭੂਮਿਕਾ, ਹਜ਼ਾਰੀ ਪ੍ਰਸਾਦ ਦਿਵੇਦੀ, ੧੯੫੬, ਪੰਨਾ ੫੦)

26. ਰਵਿਦਾਸ ਦਰਸ਼ਨ, ਪੰਨਾ ੭੧

27. 'ਰਵਿਦਾਸ ਅਤੇ ਕਬੀਰ ਦੋਵੇਂ ਹੀ ਸੁਆਮੀ ਰਾਮਾਨੰਦ ਜੀ ਦੇ ਪ੍ਰਮੁਖ ਸ਼ਿਸ਼ ਸਨ। ਕੁਝ ਗ੍ਰੰਥਕਾਰਾਂ ਨੇ ਕਬੀਰ ਜੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਿਦਾਸ ਜੀ ਨੂੰ ਕਬੀਰ ਜੀ ਤੋਂ ਕਿਤੇ ਵੱਡਾ ਸਵੀਕਾਰ ਕਰਦੇ ਹਨ ਪਰ ਅਚਰਜ ਦੀ ਗਲ ਇਹ ਹੈ ਕਿ ਰਵਿਦਾਸ ਜੀ ਨੇ ਆਪਣੇ ਇਕ ਸ਼ਬਦ ਵਿਚ[28] ਕਬੀਰ ਅਤੇ ਸੈਨ ਨਾਈ ਦੇ ਤਰਨ ਦਾ ਜ਼ਿਕਰ ਕੀਤਾ ਹੈ ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਕਬੀਰ ਜੀ ਜੇ ਰਵਿਦਾਸ ਜੀ ਤੋਂ ਪਹਿਲਾਂ ਨਹੀਂ ਹੋਏ ਤਾਂ ਘਟੋ ਘਟ ਰਵਿਦਾਸ ਜੀ ਦੇ ਜੀਵਨ ਕਾਲ ਵਿਚ ਆਪਣੀ ਭਗਤੀ-ਭਾਵਨਾ ਦੀਆਂ ਸਿਖ਼ਰਾਂ ਛੁਹ ਚੁਕੇ ਸਨ।

੭. ਨਿਰਗੁਣਵਾਦੀ ਕਿ ਸਗੁਣਵਾਦੀ : ਰਵਿਦਾਸ ਜੀ ਨਿਰਗੁਣ ਦੇ ਉਪਾਸ਼ਕ ਸਨ, ਸਗੁਣ ਉਪਾਸਨਾ ਦੇ ਵਿਸ਼ਵਾਸੀ ਸਨ ਜਾਂ ਨਿਰਗੁਣ-ਸਗੁਣ ਦੋਨੋਂ ਪ੍ਰਕਾਰ ਦੀ ਉਪਾਸਨਾ ਦੇ ਧਾਰਣੀ ਸਨ,

---

ਰਵਿਦਾਸ ਜੀ ਤੋਂ ਉਮਰ ਵਿਚ ਵੱਡਾ ਦਸਿਆ ਹੈ। ਪਰ ਵਾਸਤਵਿਕ ਰੂਪ ਵਿਚ ਰਵਿਦਾਸ ਜੀ ਹੀ ਕਬੀਰ ਤੋਂ ਉਮਰ ਵਿਚ ਵੱਡੇ ਸਨ। ਜਿਹਾ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਸੰਮਤ ੧੪੬੭ ਵਿਚ ਸੁਆਮੀ (ਰਾਮਾਨੰਦ) ਜੀ ਦੇ ਦੇਹਾਂਤ ਸਮੇਂ ਰਵਿਦਾਸ ਦੀ ਉਮਰ ੩੪ ਵਰ੍ਹਿਆਂ ਦੀ ਸੀ ਅਤੇ ਕਬੀਰ ਦੀ ੧੨ ਵਰ੍ਹਿਆਂ ਦੀ। ਗੁਰਭਾਈ ਹੋਣ ਕਾਰਣ ਦੋਹਾਂ ਵਿੱਚ ਪ੍ਰੇਮ ਵੀ ਬੜਾ ਸੀ ਅਤੇ ਕਦੀ ਕਦੀ ਧਾਰਮਿਕ ਵਿਸ਼ਿਆਂ ਉਪਰ ਦੋਹਾਂ ਵਿੱਚ ਵਾਦ-ਵਿਵਾਦ ਵੀ ਹ ਜਾਇਆ ਕਰਦਾ ਸੀ'।

(ਸੰਤ ਗੁਰੂ ਰਵਿਦਾਸ, ਡਾ: ਬੀ. ਪੀ. ਸ਼ਰਮਾ, ਪੰਨਾ ੩੧)

28. ਨਾਮ ਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ ।।੧।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ ।।੨।।੧।।
(ਰਾਗੁ ਮਾਰੂ, ਸ਼ਬਦਾਰਥ, ਪੰਨਾ ੧੧੫੭)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸੰਬੰਧੀ ਵੀ ਵਿਦਵਾਨਾਂ ਨੇ ਆਪੋ ਆਪਣੇ ਢੰਗ ਨਾਲ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਰਾਮਚੰਦਰ ਸ਼ੁਕਲ[29] ਨੂੰ ਰਵਿਦਾਸ ਜੀ ਦੀ ਭਗਤੀ ਨਿਰਗੁਣ ਢਾਂਚੇ ਦੀ ਜ਼ਾਪਦੀ ਹੈ। ਡਾ: ਪੀਤਾਂਬਰ ਦੱਤ ਬੜਥਵਾਲ[30] ਅਨੁਸਾਰ ਰਵਿਦਾਸ ਜੀ ਬਹੁਤ ਉੱਚੇ ਗਿਆਨੀ ਭਗਤ ਸਨ ਜਿਸ ਨੂੰ ਮੂਰਤੀ ਦੀ ਲੋੜ ਨਹੀਂ ਰਹਿ ਜਾਂਦੀ ਪਰ ਦੂਜਿਆਂ ਦੇ ਲਈ ਉਹ ਮੂਰਤੀ ਦੀ ਲੋੜ ਸਮਝਦੇ ਹਨ। ਅਚਾਰੀਆ ਪਰਸ਼ੁਰਾਮ ਚਤੁਰਵੇਦੀ[31] ਨੇ ਜੀ. ਡਬਲਯੂ. ਬ੍ਰਿਗਜ਼[32] ਦੇ ਹਵਾਲੇ ਨਾਲ ਦੱਸ ਪਾਈ ਹੈ ਕਿ ਰਵਿਦਾਸ ਜੀ ੧੨ ਵਰ੍ਹਿਆਂ ਦੀ ਅਵਸਥਾ ਵਿਚ ਹੀ ਮਿੱਟੀ ਦੀ ਬਣੀ 'ਰਾਮ ਜਾਨਕੀ' ਦੀ ਮੂਰਤੀ ਪੂਜਣ ਲਗ ਪਏ ਸਨ। ਡਾ: ਰਾਮਕੁਮਾਰ ਵਰਮਾ[33] ਅਨੁਸਾਰ ਰਵਿਦਾਸ ਨੇ ਭਾਵੇਂ ਈਸ਼ਵਰ ਦੇ ਨਾਮ ਸਗੁਣਾਤਮਕ ਰਖੇ ਹਨ ਪਰ ਉਨ੍ਹਾਂ ਦਾ ਸੰਕੇਤ ਨਿਰਗੁਣ ਬ੍ਰਹਮ ਵਲ ਹੀ ਹੈ। ਡਾ: ਬੀ. ਪੀ. ਸ਼ਰਮਾ ਅਨੁਸਾਰ ਬ੍ਰਹਮ ਦੇ ਸਾਕਾਰ ਜਾਂ ਨਿਰਾਕਾਰ ਹੋਣ ਦੀ ਇਨ੍ਹਾਂ ਨੂੰ ਚਿੰਤਾ ਨਹੀਂ ਹੈ। ਠਾਕੁਰ ਦੀ ਪੂਜਾ ਵੀ ਕਰਦੇ ਹਨ ਅਤੇ ਬ੍ਰਹਮ ਨੂੰ ਸਰਬ ਵਿਆਪਕ ਨਿਰਾਕਾਰ ਵੀ ਸਮਝਦੇ ਹਨ।[34] ਉਨ੍ਹਾਂ ਅਨੁਸਾਰ 'ਰਵਿਦਾਸ ਜੀ ਸਾਕਾਰ-

---

29. ਹਿੰਦੀ ਸਾਹਿਤਯ ਕਾ ਇਤਿਹਾਸ ਪੰਨਾ ੭੬।
30. ਹਿੰਦੀ ਕਾਵਿਯ ਮੈਂ ਨਿਰਗੁਣ ਸੰਪ੍ਰਦਾਇ, ਪੰਨਾ ੧੦੨
31. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੧
32. ਦੀ ਚਮਾਰਜ਼, ਰਿਲੀਜਸ ਲਾਈਫ ਆਫ ਇੰਡੀਆ, ਪੰਨਾ ੨੦੮
33. ਹਿੰਦੀ ਸਾਹਿਤਯ ਕਾ ਆਲੋਚਨਾਤਸਕ ਇਤਿਹਾਸ, ੧੯੫੮, ਪੰਨਾ ੨੨੫
34. ਸੰਤ ਗੁਰੂ ਰਵਿਦਾਸ, ੧੯੭੨, ਪੰਨਾ ੩੨

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਾਕਾਰ ਦੋਹਾਂ ਦੇ ਉਪਾਸ਼ਕ ਸਨ। ਜਿਹੋ ਜਿਹਾ ਸਮਾਂ ਦੇਖਿਆ ਜਾਂ ਜਿਥੇ ਮਨ ਸਥਿਰ ਹੋ ਗਿਆ ਉਵੇਂ ਹੀ ਪ੍ਰਭੂ-ਭਜਨ ਵਿਚ ਮਨ ਲਗਾ ਲਿਆ। ਉਹ ਮੰਦਿਰ ਵਿਚ ਭਗਵਾਨ ਦੀ ਆਰਤੀ ਵੀ ਉਤਾਰਦੇ, ਠਾਕੁਰ ਪੂਜਾ ਕਰਦੇ ਅਤੇ ਨਿਰਾਕਾਰ ਬ੍ਰਹਮ ਦੀ ਸਾਧਨਾ ਵਿਚ ਸਮਾਧੀ ਲਗਾ ਕੇ ਵੀ ਬੈਠਦੇ[35] ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਜੀ ਦੀ ਬਾਣੀ ਤੋਂ ਰਵਿਦਾਸ ਜੀ ਨਿਰਗੁਣ-ਨਿਰਾਕਾਰ ਬ੍ਰਹਮ ਦੇ ਹੀ ਉਪਾਸ਼ਕ ਦ੍ਰਿਸ਼ਟੀਗਤ ਹੁੰਦੇ ਹਨ, ਸਗੁਣ-ਸਾਕਾਰ ਦੇ ਨਹੀਂ।

੮. ਰਵਿਦਾਸ, ਮੀਰਾਂ ਬਾਈ ਅਤੇ ਝਾਲੀ ਰਾਣੀ : ਮੀਰਾਂ ਬਾਈ ਦੀਆਂ ਕੁਝ ਰਚਨਾਵਾਂ ਤੋਂ ਵਿਦਤ ਹੁੰਦਾ ਹੈ ਕਿ ਉਹ ਰਵਿਦਾਸ ਜੀ ਨੂੰ ਆਪਣਾ ਗੁਰੂ ਸਵੀਕਾਰ ਕਰਦੀ ਹੈ। ਪਰ ਕੀ ਸਚਮੁਚ ਉਹ ਰਵਿਦਾਸ ਜੀ ਦੀ ਚੇਲੀ ਸੀ, ਇਸ ਸੰਬੰਧੀ ਵੀ ਠੋਸ ਪ੍ਰਮਾਣਾਂ ਦੀ ਘਾਟ ਹੈ। ਸ਼ਾਇਦ ਇਸੇ ਲਈ ਵਿਦਵਾਨ ਇਸ ਸੰਬੰਧੀ ਆਪਣੇ ਮਤ ਨੂੰ ਨਿਸ਼ਚਿਆਤਮਕ ਢੰਗ ਨਾਲ ਨਹੀਂ ਪ੍ਰਗਟਾ ਸਕੇ। ਕਈਆਂ ਨੇ 'ਪਰੰਪਰਾ ਤੋਂ...ਮੀਰਾਂ ਬਾਈ ਨੂੰ ਗੁਰੂ ਰਵਿਦਾਸ ਜੀ ਦੀ ਚੇਲੀ ਮੰਨਿਆ ਜਾਂਦਾ ਹੈ'[36] ਕਹਿ ਕੇ ਗੱਲ ਮੁਕਾ ਦਿੱਤੀ ਅਤੇ ਕਈਆਂ ਨੇ ਇਹ ਲਿਖ ਕੇ—'ਇਹ ਕਿਹਾ ਜਾਂਦਾ ਹੈ ਕਿ ਇਸੇ ਸਮੇਂ ਮੀਰਾ ਰਵਿਦਾਸ ਜੀ ਦੀ ਚੇਲੀ ਬਣੀ।...ਇਸ ਸਮੇਂ ਮੀਰਾ ਦੀ ਉਮਰ ੧੫ ਸਾਲਾਂ ਦੀ ਸੀ ਅਤੇ ਉਸ ਦੇ ਪਤੀ ਦੀ ਮੌਤ ਹੋ ਚੁਕੀ ਸੀ'।[37]

35. ਸੰਤ ਗੁਰੂ ਰਵਿਦਾਸ, ਪੰਨਾ ੩੫.
36. ਰਵਿਦਾਸ-ਦਰਸ਼ਨ, ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਪੰਨਾ ੭੦
37. ਸੰਤ ਗੁਰੂ ਰਵਿਦਾਸ, ਪੰਨਾ ੩੫.

CC-0. In Public Domain. Panini Kanya Maha Vidyalaya Collection. Gangotri Collection, Haridwar

Digitized by Arya Samaj Foundation Chennai and eGangotri

ਪਰ ਆਚਾਰੀਆ ਪਰਸ਼ੁਰਾਮ ਚਤੁਰਵੇਦੀ ਨੇ ਇਸ ਸੰਬੰਧੀ ਕਿੰਤੂ ਕਰਦਿਆਂ ਹੋਇਆਂ ਇਹ ਮਤ ਪ੍ਰਗਟਾਇਆ ਹੈ ਕਿ 'ਮੀਰਾਂ ਬਾਈ ਦੇ ਗੁਰੂ ਸੰਭਵ ਹੈ ਰੈਦਾਸੀ ਸੰਪ੍ਰਦਾਇ ਦੇ ਕੋਈ ਅਜਿਹੇ ਅਚਾਰੀਆ ਰਹੇ ਹੋਣਗੇ ਜੋ ਉਨ੍ਹਾਂ ਦੇ ਸਮੇਂ ਵਿਚ ਜਿਊਂਦੇ ਹੋਣ ।[38] ਮੀਰਾਂ ਬਾਈ ਦੀਆਂ ਰਚਨਾਵਾਂ ਵਿਚ ਵਰਣਤ 'ਰੈਦਾਸ ਜੀ' ਜਾਂ 'ਸੰਤ ਰਵਿਦਾਸ' ਸ਼ਬਦ ਅਜਿਹੇ ਹੀ ਕਿਸੇ ਰੈਦਾਸੀ ਲਈ ਵਰਤੇ ਗਏ ਹੋਣਗੇ ।[39] ਡਾ: ਹਜ਼ਾਰੀ ਪ੍ਰਸ਼ਾਦ ਦਿਵੇਦੀ ਅਨੁਸਾਰ 'ਪ੍ਰਸਿਧ ਹੈ ਕਿ ਅੰਤ ਵਿਚ ਮੀਰਾਂ ਬਾਈ ਨੇ ਰੈਦਾਸ ਤੋਂ ਦੀਖਿਆ ਲਈ ਸੀ । ਪਰ ਹੁਣੇ ਜਿਹੇ ਹੋਈ ਖੋਜ ਵਿਚ ਇਸ ਮਤ ਤੇ ਸੰਦੇਹ ਪ੍ਰਗਟ ਕੀਤਾ ਗਿਆ ਹੈ' ।'[40] ਕੁਝ ਵੀ ਹੋਵੇ ਸਾਡੀ ਜਾਚੇ ਇਹ ਮਸਲਾ ਖੋਜ ਦਾ ਮੁਥਾਜ ਹੈ ।

ਝਾਲੀ ਰਾਣੀ ਨੂੰ ਵੀ ਰਵਿਦਾਸ ਜੀ ਦੀ ਚੇਲੀ ਦਸਿਆ ਜਾਂਦਾ ਹੈ । ਇਸ ਨੂੰ ਮੀਰਾਂ ਦੀ ਸਸ ਦਰਸਾਇਆ ਗਿਆ ਹੈ । ਕਈਆਂ ਨੇ ਇਸ ਨੂੰ ਮਹਾਰਾਣਾ ਸਾਂਗਾ (ਸੰਮਤ ੧੫੩੯-੧੫੮੪ ਬਿਕ੍ਰਮੀ) ਅਤੇ ਕਈਆਂ ਨੇ ਰਾਣਾ ਕੁੰਭਾ (ਸੰਮਤ ੧੪੯੦-੧੫੨੫ ਬਿਕ੍ਰਮੀ) ਦੀ ਪਤਨੀ ਦਸਿਆ ਹੈ ।[41] ਮੁਕਦੀ ਗੱਲ ਇਹ ਕਿ ਰਵਿਦਾਸ ਜੀ ਨੂੰ

---

38. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੨
ਪਰ ਡਾ: ਗਣਪਤਿ ਚੰਦਰ ਗੁਪਤ (ਹਿੰਦੀ ਸਾਹਿਤਯ ਕਾ ਵੈਗਿਆਨਿਕ ਇਤਿਹਾਸ, ਪੰਨਾ ੨੦੮) ਦੇ ਅਨੁਸਾਰ 'ਇਤਿ-ਹਾਸਕ ਦ੍ਰਿਸ਼ਟੀ ਤੋਂ ਵੀ ਰੈਦਾਸ ਅਤੇ ਮੀਰਾਂ ਦੇ ਕਾਲ ਵਿੱਚ ਇਤਨਾ ਜ਼ਿਆਦਾ ਅੰਤਰ ਨਹੀਂ ਕਿ ਜਿਸ ਨਾਲ ਇਹਨਾਂ ਦੋਹਾ ਦਾ ਮਿਲਨ ਅਸੰਭਵ ਮੰਨਿਆ ਜਾਵੇ' ।
39. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੨
40. ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ ੫੬
41. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੬

CC-0. Panini Kanya Maha Vidyalaya Collection. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਾ ਗੁਰੂ ਜ਼ਰੂਰ ਮਾਨਿਆਂ ਗਿਆ ਹੈ।[42]

9. ਰਵਿਦਾਸੀ ਸੰਪ੍ਰਦਾਇ : ਰਵਿਦਾਸ ਜੀ ਨੇ ਆਪ ਕਿਸੇ ਸੰਪ੍ਰਦਾਇ ਦੀ ਸਥਾਪਨਾ ਨਹੀਂ ਕੀਤੀ[43] ਪਰ ਬ੍ਰਿਗਜ਼[44] ਸਾਹਿਬ ਨੇ ਕਿਸੇ ਰੈਦਾਸੀ-ਸੰਪ੍ਰਦਾਇ ਦੇ ਅਨੁਆਈਆਂ ਦਾ ਪੰਜਾਬ ਰਾਜ ਦੇ (ਹੁਣ ਹਰਿਆਣਾ) ਗੁੜਗਾਵਾਂ ਅਤੇ ਰੋਹਤਕ ਜ਼ਿਲਿਆਂ ਅਤੇ ਦਿੱਲੀ ਰਾਜ ਦੇ ਵੀ ਅਨੇਕ ਭਾਗਾਂ ਵਿਚ ਇਕ ਵੱਡੀ ਗਿਣਤੀ ਵਿੱਚ ਵਰਤਮਾਨ ਹੋਣਾ ਲਿਖਿਆ ਹੈ। ਉਹਨਾਂ ਨੇ ਗੁਜਰਾਤ ਵਿੱਚ ਉਹਨਾਂ ਦਾ 'ਰਵਿਦਾਸੀ' ਨਾਮ ਨਾਲ ਪ੍ਰਸਿੱਧ ਹੋਣਾ ਵੀ ਦਸਿਆ ਹੈ।[45] ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਰੈਦਾਸੀ ਜਾਂ 'ਰਵਿਦਾਸੀ ਸੰਪ੍ਰਦਾਇ' ਸ਼ਬਦ ਵਧੇਰੇ ਕਰਕੇ ਚਮਾਰ ਜਾਤਿ ਦੇ ਉਹਨਾਂ ਵਿਅਕਤੀਆਂ ਦੇ ਹੀ ਸਮੂਹ ਦਾ ਸੂਚਕ ਹੈ ਜੋ ਕਿਸੇ ਨਾ ਕਿਸੇ ਪ੍ਰਕਾਰ ਦਾ ਧਾਰਮਿਕ ਜੀਵਨ ਬਤੀਤ ਕਰਦੇ ਹਨ ਅਤੇ ਜੋ ਕਿਸੇ ਕਾਰਣ ਸਾਧੂ ਜਾਂ ਸੰਤ-ਸ਼੍ਰੇਣੀ ਦੇ ਪੁਰਸ਼ ਮੰਨੇ ਜਾਂਦੇ ਹਨ।[46] ਪਰ ਰਾਮ ਚੰਦਰ ਸ਼ੁਕਲ ਅਨੁਸਾਰ 'ਸਾਧੋ' ਦਾ ਇਕ ਸੰਪ੍ਰਦਾਇ, ਜੋ ਫਰੁਖਾਬਾਦ ਅਤੇ ਥੋੜ੍ਹਾ

---

42. (ੳ) ਰਵਿਦਾਸ – ਦਰਸ਼ਨ, ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਪੰਨਾ ੭੦
    (ਅ) ਸੰਤ ਗੁਰੂ ਰਵਿਦਾਸ, ਡਾ: ਬੀ. ਪੀ. ਸ਼ਰਮਾ ਪੰਨਾ ੩੪
    (ੲ) ਉੱਤਰੀ ਭਾਰਤ ਕੀ ਸੰਤ ਪਰੰਪਰਾ, ਅਚਾਰੀਆ ਪਰਸ਼ੁਰਾਮ ਚਤੁਰਵੇਦੀ ਪੰਨਾ ੨੪੩
43. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੮
44. ਜੀ ਡਬਲਯੂ ਬ੍ਰਿਗਜ਼, ਦੀ ਚਮਾਰਜ਼, ਰਿਲੀਜਸ ਲਾਈਫ ਆਫ ਇੰਡੀਆ ਸੀਰੀਜ਼, ਪੰਨਾ ੨੧੦
45. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ ੨੪੮
46. ਉਹੀ ਪੰਨਾ ੨੪੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਮਿਰਜ਼ਾਪੁਰ ਵਿਚ ਵੀ ਮਿਲਦਾ ਹੈ, ਰੈਦਾਸ ਦੀ ਹੀ ਪਰੰਪਰਾ ਵਿਚ ਕਿਹਾ ਜਾ ਸਕਦਾ ਹੈ, ਕਿਉਂਕਿ ਉਸ ਦੀ ਸਥਾਪਨਾ (ਸੰਮਤ ੧੬੦੦) ਕਰਨ ਵਾਲੇ ਬੀਰ ਭਾਨ ਉਦੈ ਦਾਸ ਦੇ ਸ਼ਿਸ਼ ਸਨ ਅਤੇ ਉਦੈ ਦਾਸ ਰੈਦਾਸ ਜੀ ਦੇ ਸ਼ਿਸ਼ਾਂ ਵਿਚੋਂ ਮੰਨੇ ਜਾਂਦੇ ਹਨ।[47]

੧੦. ਵਿਅਕਤਿੱਤਵ : ਰਵਿਦਾਸ ਜੀ ਦੇ ਵਿਅਕਤਿਤਵ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਕ ਪਾਸੇ ਤਾਂ ਆਪ ਜੀ ਨੂੰ ਨੀਵੀਂ ਜਾਤਿ ਦੇ ਜੰਮ ਪਾਲ ਹੋਣ ਦਾ ਅਹਿਸਾਸ ਹੈ ਅਤੇ ਦੂਜੇ ਪਾਸੇ ਉੱਚੀਆਂ ਮੰਨੀਆਂ ਜਾਂਦੀਆਂ ਜਾਤਾਂ ਵਾਲਿਆਂ ਦੇ ਟਾਕਰੇ ਤੇ ਉੱਚਾ-ਸੁਚਾ ਜੀਵਨ ਜਿਉਣ ਦਾ ਮਾਣ ਹੈ।

ਮਾਣ ਜਾਂ ਸਵੈਮਾਣ ਉਸੇ ਵਿਅਕਤੀ ਵਿਚ ਹੋ ਸਕਦਾ ਹੈ ਜਿਸ ਨੇ ਆਪਣੇ ਜੀਵਨ ਵਿਚ ਕਿਸੇ ਪ੍ਰਕਾਰ ਦੀ ਸਾਧਨਾ ਸਦਕਾ ਕੁਝ ਪ੍ਰਾਪਤ ਕੀਤਾ ਹੋਵੇ। ਰਵਿਦਾਸ ਜੀ ਦੇ ਸਵੈਮਾਣ ਦਾ ਆਧਾਰ ਪ੍ਰਭੂ-ਭਗਤੀ ਦੀ ਪ੍ਰਾਪਤੀ ਹੈ ਜਿਸ ਦਾ ਜ਼ਿਕਰ ਉਹਨਾਂ ਨੇ ਆਪਣੀ ਬਾਣੀ ਵਿੱਚ ਥਾਂ ਥਾਂ ਕੀਤਾ ਹੈ।

ਪਰ ਇਹ ਮਾਣ ਜਾਂ ਸਵੈਮਾਣ ਕਿਸੇ ਪ੍ਰਕਾਰ ਦੀ ਹਉਮੈ ਜਾਂ ਅਹੰਕਾਰ ਦੀ ਹੋਂਦ ਦਾ ਲਖਾਇਕ ਨਹੀਂ ਸਗੋਂ ਅਹਿੰਸਾ, ਨਿਰ-ਅਭਿਮਾਨ ਅਤੇ ਮਧੁਰ ਸੁਭਾ ਦਾ ਪਰਿਚਾਇਕ ਹੈ। ਇਸੇ ਲਈ ਆਪ ਜੀ ਨੂੰ ਇਕ ਸੱਚਾ ਵੈਸ਼ਣਵ ਦਰਸਾਇਆ ਗਿਆ ਹੈ।[48]

ਰਵਿਦਾਸ ਜੀ ਦਾ ਵਿਅਕਤਿਤਵ ਇਕ ਸੰਘਰਸ਼ਮਈ ਜੀਵਨ ਦੀ ਦੇਣ ਹੈ। ਉਹ ਇਕ ਅਜਿਹੇ ਭਗਤ ਸਨ ਜਿਹਨਾਂ ਨੇ ਆਪਣੀ

47. ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ ੭੬
48. ਡਾ: ਹਜ਼ਾਰੀ ਪ੍ਰਸਾਦ ਦਿਵੇਦੀ, ਰਵਿਦਾਸ-ਦਰਸ਼ਨ, ਦੋ ਸ਼ਬਦ, ਪੰਨਾ ੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜੀ-ਰੋਟੀ ਲਈ ਹੱਥੀਂ ਕੰਮ ਕਰਨ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਅਤੇ ਨਾਲ ਦੇ ਨਾਲ ਭਗਵਦ-ਭਗਤੀ ਦੇ ਕਠਿਨਾਈਆਂ ਭਰੇ ਰਸਤੇ ਤੇ ਚਲਦੇ ਰਹੇ। ਆਪ ਜੀ ਦੇ ਵਿਅਕਤਿਤਵ ਵਿਚ ਭਗਤੀ ਅਤੇ ਕਰਮ ਦਾ ਸੁਚੱਜਾ ਸੁਮੇਲ ਦ੍ਰਿਸ਼ਟੀਗਤ ਹੁੰਦਾ ਹੈ।[49]

ਨਿਸ਼ਚੇ ਹੀ ਕਰਮਸ਼ੀਲਤਾ ਰਵਿਦਾਸ ਜੀ ਦੇ ਵਿਅਕਤਿਤਵ ਦੀ ਪ੍ਰਮੁਖ ਵਿਸ਼ੇਸ਼ਤਾ ਹੈ। ਕਰਮ ਨੂੰ ਹੀ ਉਹਨਾਂ ਨੇ ਧਰਮ ਸਮਝਿਆ ਅਤੇ ਉਮਰ ਭਰ ਇਸੇ ਦਾ ਅਨੁਸਰਣ ਕਰਦੇ ਰਹੇ। 'ਹੋਰਨਾਂ ਸੰਤਾਂ ਦੀ ਤੁਲਨਾ ਵਿਚ ਮਹਾਤਮਾ ਰਵਿਦਾਸ ਨੇ ਵਧੇਰੇ ਅਤੇ ਜ਼ੋਰਦਾਰ ਭਾਸ਼ਾ ਵਿਚ ਕਿਹਾ ਕਿ 'ਕਰਮ ਹੀ ਧਰਮ' ਹੈ। ਉਹਨਾਂ ਦੀਆਂ ਬਾਣੀਆਂ ਤੋਂ ਸਪਸ਼ਟ ਹੈ ਕਿ ਭਗਵਦ ਭਜਨ, ਸਦਾਚਾਰਮਈ ਜੀਵਨ, ਨਿਰ-ਹੰਕਾਰ-ਬਿਰਤੀ ਅਤੇ ਸਭ ਦੀ ਭਲਾਈ ਲਈ ਕੀਤਾ ਜਾਣ ਵਾਲਾ ਕਰਮ, ਇਹ ਹੀ ਵਾਸਤਵਿਕ ਧਰਮ ਹੈ।.....ਕਰਮਮਈ ਜੀਵਨ ਤੇ ਜ਼ੋਰ ਦੇਣਾ ਉਹਨਾਂ ਦਾ ਵਿਸ਼ੇਸ਼ ਸੰਦੇਸ਼ ਹੈ'।[50]

ਰਵਿਦਾਸ ਜੀ ਦਾ ਵਿਅਕਤਿਤਵ ਇਕ ਆਦਰਸ਼ਕ ਜੀਵਨ-ਜਾਚ ਦਾ ਲਖਾਇਕ ਹੈ। ਸਰਲ ਅਤੇ ਸਾਦਾ ਰਹਿਣੀ ਅਤੇ ਉੱਚੇ ਵਿਚਾਰਾਂ (simple living & high thinking) ਦਾ ਪ੍ਰਤਖ ਪ੍ਰਮਾਣ ਹੈ।[51]

ਅਜਿਹੇ ਵਿਅਕਤਿਤਵ ਦੇ ਧਾਰਣੀ ਰਵਿਦਾਸ ਜੀ ਦੀ ਪ੍ਰਰਣਾਮਈ ਬਾਣੀ ਨੇ ਸਮਾਜਕ ਦ੍ਰਿਸ਼ਟੀ ਤੋਂ ਅਣਗੌਲੇ, ਆਰਥਕ ਦ੍ਰਿਸ਼ਟੀ ਤੋਂ ਵੰਚਿਤ ਅਤੇ ਰਾਜਨੀਤਕ ਦ੍ਰਿਸ਼ਟੀ ਤੋਂ ਤ੍ਰਿਸਕਾਰੇ ਗਏ ਹਜ਼ਾਰਾਂ ਹੀ

49. ਉਹੀ, ਪੰਨਾ ਓ
50. ਡਾ: ਹਜ਼ਾਰੀ ਪ੍ਰਸਾਦ ਦਿਵੇਦੀ, ਰਵਿਦਾਸ-ਦਰਸ਼ਨ, ਦੋ ਸ਼ਬਦ, ਪੰਨਾ ਅੋ-ਅੋ
51. ਉਹੀ, ਪੰਨਾ ਅੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਾਰਣ ਦੰਡਿਤ ਮਨੁਖਾਂ ਨੂੰ ਸਿਰ ਉੱਚਾ ਕਰਕੇ ਚਲਣ ਦੀ ਸ਼ਕਤੀ ਦਿੱਤੀ ਅਤੇ ਮਨੁਖਾ ਜੀਵਨ ਦੇ ਉੱਤਮ ਲਖ਼ਸ਼ ਦੀ ਪ੍ਰਾਪਤੀ ਲਈ ਪ੍ਰੇਰਣਾ ਪ੍ਰਦਾਨ ਕੀਤੀ ।[52]

52. ਉਹੀ, ਪੰਨਾ ਅੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾ

(ਟੀਕਾ-ਵਿਆਖਿਆ ਸਹਿਤ)

100076

(੧)

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।।
ਕਨਕ ਕਟਿਕ ਜਲ ਤਰੰਗ ਜੈਸਾ ।। ੧ ।।
ਜਉਪੈ ਹਮ ਨਾ ਪਾਪ ਕਰੰਤਾ ਅਹੇ ਅਨੰਤਾ ।।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।। ੧ ।। ਰਹਾਉ ।।
ਤੁਮ੍ਹ ਜੁ ਨਾਇਕ ਆਛਹੁ ਅੰਤਰ ਜਾਮੀ ।।
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ।। ੨ ।।
ਸਰੀਰੁ ਆਰਾਧੈ ਮੋ ਕਉ ਬੀਚਾਰ ਦੇਹੁ ।।
ਰਵਿਦਾਸ ਸਮਦਲ ਸਮਝਾਵੈ ਕੋਊ ।। ੩ ।।

(ਸ੍ਰੀ ਰਾਗੁ ਪਾਸਾਰਸ, ਪੰਨਾ ੬੫)

ਟੀਕਾ-ਵਿਆਖਿਆ : ਹੇ ਪ੍ਰਭੂ ! ਤੇਰੇ ਅਤੇ ਮੇਰੇ ਵਿੱਚ, ਮੇਰੇ ਅਤੇ ਤੇਰੇ ਵਿੱਚ ਅੰਤਰ ਕਾਹਦਾਂ ? ਅਰਥਾਤ ਤੇਰੇ ਮੇਰੇ ਵਿੱਚ ਕੋਈ ਅੰਤਰ ਨਹੀਂ ਤੇ ਜੇ ਹੈ ਤਾਂ ਉੱਨਾ ਕੁ ਹੀ ਜਿੰਨਾ ਕੁ ਸੋਨੇ ਅਤੇ ਸੋਨੇ ਦੇ ਕੜਿਆਂ ਵਿੱਚ ਹੈ ਜਾਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿੱਚ ਹੈ ।

ਹੇ ਅਨੰਤ ਪ੍ਰਭੂ ! ਜੇ ਕਰ ਅਸੀਂ ਜੀਵ ਪਾਪ ਨਾ ਕਰਦੇ ਤਾਂ ਤੇਰਾ ਨਾਮ ਪਤਿਤ ਪਾਵਨ ਅਰਥਾਤ ਪਾਪੀਆਂ ਨੂੰ ਪਵਿਤਰ ਕਰਨ ਵਾਲਾ ਕਿਵੇਂ ਪੈਂਦਾ ।

ਹੇ ਅੰਤਰਯਾਮੀ ! ਤੂੰ ਹੀ ਸਾਡਾ ਆਗੂ ਹੈਂ, ਮਾਲਕ ਹੈਂ । ਮਾਲਕ-ਪ੍ਰਭੂ ਤੋਂ ਉਸ ਦੇ ਸੇਵਕ-ਜਨ ਦੀ ਪਛਾਣ ਹੁੰਦੀ ਹੈ ਅਤੇ ਸੇਵਕ-ਜਨ ਤੋਂ ਹੀ ਮਾਲਕ ਦੀ ।

ਕੋਈ ਮੈਨੂੰ ਸਰਬ ਵਿਆਪਕ ਪ੍ਰਭੂ ਦੀ ਸੋਝੀ ਕਰਾਵੇ ਤਾਂ ਜੋ ਜਦ ਤੀਕ ਮੇਰੀ ਦੇਹ ਵਿਦਮਾਨ ਹੈ ਮੈਂ ਪ੍ਰਭੂ ਦੀ ਅਰਾਧਨਾ ਵਿੱਚ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਲਗਨ ਰਹਾਂ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਬ੍ਰਹਮ ਅਤੇ ਜੀਵ ਦੇ ਸੰਬੰਧਾਂ ਵਲ ਸੰਕੇਤ ਕੀਤਾ ਹੈ ਕਿ ਇਹ ਸੰਬੰਧ ਕਾਰਣ ਅਤੇ ਕਾਰਜ ਵਾਲਾ ਹੈ, ਜਲ ਅਤੇ ਉਸ ਵਿੱਚੋਂ ਉਠੀਆਂ ਤਰੰਗਾਂ ਵਾਲਾ ਹੈ, ਸੋਨੇ ਅਤੇ ਉਸ ਤੋਂ ਬਣੇ ਕੜੇ ਵਾਲਾ ਹੈ, ਅਗਨੀ ਅਤੇ ਉਸ 'ਚੋਂ ਉਠੀਆਂ ਚਿੰਗਾੜੀਆਂ ਵਾਲਾ ਹੈ ਅਰਥਾਤ ਅੰਸ਼ੀ ਅਤੇ ਅੰਸ਼ ਵਾਲਾ ਹੈ ਕਿਉਂਕਿ ਅੰਸ਼ੀ-ਬ੍ਰਹਮ ਕਾਰਣ ਅਤੇ ਅੰਸ਼-ਜੀਵ ਕਾਰਜ ਹੈ । ਕਾਰਣ ਕਾਰਜ ਦੀ ਇਹ ਅਭੇਦਤਾ ਅਦਵੈਤ ਵੇਦਾਂਤ ਦੀ ਆਧਾਰਸ਼ਿਲਾ ਹੈ।

(੨)

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।।
ਮੇਰਾ ਕਰਮ ਕੁਟਿਲਤਾ ਜਨਮੁ ਕੁਭਾਂਤੀ ।। ੧ ।।
ਰਾਮ ਗੁਸਈਆ ਜੀਅ ਕੇ ਜੀਵਨਾ ।।
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ।। ੧ ।। ਰਹਾਉ ।।
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ।।
ਚਰਨ ਨ ਛਾਡਉ ਸਰੀਰ ਕਲ ਜਾਈ ।। ੨ ।।
ਕਹੁ ਰਵਿਦਾਸ ਪਰਉ ਤੇਰੀ ਸਾਭਾ ।।
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ।। ੩ ।। ੧ ।।

(ਰਾਗੁ ਗਉੜੀ ਸ਼ਬਦਾਰਥ, ਪੰਨਾ ੩੪੫)

ਟੀਕਾ-ਵਿਆਖਿਆ : ਮੈਨੂੰ ਦਿਨ ਰਾਤ ਇਸੇ ਗੱਲ ਦੀ ਚਿੰਤਾ ਰਹਿੰਦੀ ਹੈ ਕਿ ਮੇਰੀ ਸੰਗਤ ਅਥਵਾ ਸੰਗ-ਸਾਥ ਮਾੜਾ ਹੈ, ਮੇਰੇ ਨਿਤ ਦੇ ਕਰਮ ਮੰਦੇ ਹਨ ਅਤੇ ਮੇਰਾ ਜਨਮ ਨੀਵੀਂ ਜਾਤਿ ਵਿਚੋਂ ਹੈ ।

ਇਸ ਲਈ ਹੇ ਮੇਰੇ ਰਾਮ ! ਧਰਤੀ ਦੇ ਸੁਆਮੀ !! ਮੇਰੇ ਜੀਵਨ ਦੇ ਆਧਾਰ !!! ਮੈਨੂੰ ਭੁਲਾ ਨਾ ਦੇਵੀਂ, ਮੈਂ ਤੇਰਾ ਦਾਸ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਪ੍ਰਭੂ ! ਮੇਰੀ ਬਿਪਤਾ ਦੂਰ ਕਰੋ ਅਤੇ ਮੈਨੂੰ ਸਦ (ਚੰਗੇ) ਭਾਵ-ਨਾ ਵਾਂ ਵਾਲਾ ਆਪਣਾ ਦਾਸ ਬਣਾ ਲਉ । ਫੇਰ, ਭਾਵੇਂ ਮੇਰਾ ਸਰੀਰ ਸ਼ਕਤੀਹੀਨ ਹੋ ਜਾਵੇ, ਮੈਂ ਤੁਹਾਡੇ ਚਰਨਾਂ ਦਾ ਆਸਰਾ ਨਹੀਂ ਛਡਾਗਾਂ ।

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਮੈਂ ਤੇਰੀ ਸ਼ਰਣ ਗ੍ਰਹਿਣ ਕੀਤੀ ਹੈ ਤੂੰ ਹੁਣ ਦੇਰ ਨਾ ਕਰ ਅਤੇ ਛੇਤੀ ਆਪਣੇ ਸੇਵਕ ਨੂੰ ਆਪਣਾ ਮਿਲਾਪ ਬਖਸ਼ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਨੀਚ ਜਾਤ ਦਾ ਜੰਮਪਲ, ਕੁਕਰਮੀ ਅਤੇ ਕੁਸੰਗੀ ਵੀ ਜੇ ਕਰ ਪ੍ਰਭੂ ਦੀ ਸ਼ਰਣ ਗ੍ਰਹਿਣ ਕਰਕੇ ਉਸ ਦੀ ਕਿਰਪਾ ਦਾ ਪਾਤਰ ਬਣ ਜਾਵੇ ਤਾਂ ਉਸਦਾ ਜੀਵਨ ਸਫਲ ਹੋ ਨਿਬੜਦਾ ਹੈ ।।

(੩)

ਬੇਗਮਪੁਰਾ ਸਹਰ ਕੋ ਨਾਉ ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ ।।
ਨਾਂ ਤਸਵੀਸ ਖਿਰਾਜ ਨ ਮਾਲੁ ।।
ਖਉਫੁ ਨ ਖਤਾ ਨ ਤਰਸੁ ਜਵਾਲੁ ।। ੧ ।।
ਅਬ ਮੋਹਿ ਖੂਬ ਵਤਨ ਗਹ ਪਾਈ ।।
ਊਹਾਂ ਖੈਰਿ ਸਦਾ ਮੇਰੇ ਭਾਈ ।। ੧ ।। ਰਹਾਉ ।।
ਕਾਇਮੁ ਦਾਇਮੁ ਸਦਾ ਪਾਤਿਸਾਹੀ ।।
ਦੋਮ ਨ ਸੇਮ ਏਕ ਸੋ ਆਹੀ ।।
ਆਬਾਦਾਨ ਸਦਾ ਮਸਹੂਰ ।।
ਊਹਾਂ ਗਨੀ ਬਸਹਿ ਮਾਮੂਰ ।। ੨ ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਰਮ ਮਹਲ ਨ ਕੋ ਅਟਕਾਵੈ ।।
ਕਹਿ ਰਵਿਦਾਸ ਖਲਾਸ ਚਮਾਰਾ ।।
ਜੋ ਹਮ ਸਹਰੀ ਸੁ ਮੀਤੁ ਹਮਾਰਾ ।। ੩ ।। ੨ ।।

(ਰਾਗੁ ਗਉੜੀ, ਸ਼ਬਦਾਰਥ, ਪੰਨਾ ੩੪੫)

ਟੀਕਾ-ਵਿਆਖਿਆ : ਮੈਂ ਉਹ ਸ਼ਹਿਰ ਲਭ ਲਿਆ ਹੈ ਜਿਸ ਦਾ ਨਾਮ ਬੇਗਮਪੁਰਾ ਹੈ ਅਰਥਾਤ ਉਹ ਸਥਾਨ ਜਾਂ ਅਵਸਥਾ ਜਿੱਥੇ ਗ਼ਮ ਨਹੀਂ ਵਸਦਾ । ਇੱਥੇ ਨਾ ਕੋਈ ਦੁਖ ਹੈ ਅਤੇ ਨਾ ਕੋਈ ਚਿੰਤਾ । ਨਾ ਘਬਰਾਹਟ, ਨਾ ਕੋਈ ਨਿਜੀ ਜਾਇਦਾਦ ਅਤੇ ਨਾ ਹੀ ਉਸ ਉਪਰ ਕਿਸੇ ਮਸੂਲ ਦੇ ਲਗਣ ਦਾ ਡਰ ਹੈ । ਇਸ ਅਵਸਥਾ ਵਿਚ ਕਿਸੇ ਗਲਤ ਕੰਮ ਜਾਂ ਪਾਪ-ਕਰਮ ਕਰਨ ਦਾ ਖਤਰਾ ਨਹੀਂ ਰਹਿ ਜਾਂਦਾ । ਇਹ ਅਵਸਥਾ ਡਰ-ਰਹਿਤ ਅਤੇ ਗਿਰਾਵਟ-ਹੀਨ ਹੈ ।

ਇਹ ਅਵਸਥਾ ਸਦਾ ਸਥਿਰ ਰਹਿਣ ਵਾਲੀ ਪਾਤਸ਼ਾਹੀ ਦੀ ਅਵਸਥਾ ਹੈ ਜਿਸ ਵਿੱਚ ਸਮਸਤ ਜੀਵਾਂ ਪ੍ਰਤੀ ਸਮਭਾਵਨਾ ਹੁੰਦੀ ਹੈ ਅਤੇ ਦੂਜ ਤੀਜ ਦੇ ਦਰਜੇ ਮੁਕ ਜਾਂਦੇ ਹਨ । ਇੱਥੇ ਵਿਤਕਰਿਆ ਹੀਣ ਅਤੇ ਰੱਜੇ ਪੁੱਜੇ, ਧਨਾਢ ਅਥਵਾ ਸੰਤੁਸ਼ਟ ਜਨ ਰਹਿੰਦੇ ਹਨ । ਇਸੇ ਲਈ ਇਹ ਸ਼ਹਿਰ ਬੜਾ ਮਸ਼ਹੂਰ ਅਤੇ ਆਬਾਦ ਹੈ ।

ਕਿਉਂਕਿ ਅਜਿਹੇ ਲੋਕ ਇਸ ਸ਼ਹਿਰ ਜਾਂ ਅਵਸਥਾ ਦੇ ਭੋਤੀ ਹੁੰਦੇ ਹਨ ਇਸ ਲਈ ਉਹ ਸਵੈ ਇੱਛਾ ਨਾਲ ਨਿਰਵਿਘਨ ਵਿਚਰਣ ਕਰਦੇ ਹਨ ਅਤੇ ਉਹਨਾਂ ਦੇ ਰਸਤੇ ਵਿੱਚ ਕੋਈ ਰੋਕ-ਰੁਕਾਵਟ ਨਹੀਂ ਪੈ ਸਕਦੀ । ਰਵਿਦਾਸ ਚਮਿਆਰ ਕਹਿੰਦੇ ਹਨ ਕਿ ਜੋ ਸਾਡਾ ਹਮ-ਵਤਨੀ ਹੈ ਅਰਥਾਤ ਉਪਰ ਕਥਿਤ ਅਵਸਥਾ ਦਾ ਧਾਰਨੀ ਹੈ ਉਹੀ ਸਾਡਾ ਮਿੱਤਰ ਹੈ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਜੀਵਨ-ਮੁਕਤੀ ਦੀ ਅਵਸਥਾ ਦਾ ਵਰਣਨ ਕੀਤਾ ਹੈ ।

CC-0. Panjab Digital Library Collection. Gurukul Kangri Collection, Haridwar

Digitized by Arya Samaj Foundation Chennai and eGangotri

(੪)

ਘਟ ਅਵਘਟ ਡੂਘਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥
ਕੋ ਬਣਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥
ਰਹਾਉ ॥

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ ॥
ਮੈ ਰਾਮਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥ ੨ ॥
ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥
ਮੋਹਿ ਜਮਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥ ੩ ॥

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥
(ਰਾਗੁ ਗਉੜੀ, ਸ਼ਬਦਾਰਥ, ਪੰਨਾ ੩੪੫-੪੬)

ਟੀਕਾ-ਵਿਆਖਿਆ : ਇਕ ਤਾਂ ਪੈਂਡਾ ਬਹੁਤ ਬਿਖੜਾ ਅਤੇ ਪਹਾੜੀ ਹੈ ਤੇ ਦੂਜੇ ਮੇਰਾ ਮਨ ਰੂਪੀ ਬੈਲ ਗੁਣ-ਹੀਨ ਹੈ। ਇਸ ਲਈ ਰਮਈਏ, ਮੁਰਾਰੀ ਪ੍ਰਭੂ ਨੂੰ ਹੀ ਮੇਰੀ ਬੇਨਤੀ ਹੈ ਕਿ ਤੂੰ ਮੇਰੀ ਹਰਿਨਾਮ ਰੂਪੀ ਰਾਸ-ਪੂੰਜੀ ਦੀ ਰਖਿਆ ਕਰੀਂ।

ਪ੍ਰਭੂ ਦੇ ਨਾਮ ਦਾ ਵਣਜ ਕਰਨ ਵਾਲਾ ਜੇ ਕੋਈ ਵਣਜਾਰਾ ਮੈਨੂੰ ਮਿਲ ਜਾਵੇ ਤਾਂ ਮੇਰਾ ਮਾਲ-ਅਸਬਾਬ ਵੀ ਲਦਿਆ ਜਾ ਸਕਦਾ ਹੈ।

ਮੈ ਪ੍ਰਭੂ ਦੇ ਨਾਮ ਦਾ ਵਣਜਾਰਾ ਹਾਂ ਅਤੇ ਇਹ ਵਪਾਰ ਮੈ ਸਹਿਜ ਅਵਸਥਾ ਦਾ ਧਾਰਣੀ ਹੋ ਕੇ ਕਰਦਾ ਹਾਂ। ਮੈ ਤਾਂ ਰਾਮ ਨਾਮ ਦਾ ਧਨ ਲਦਿਆ ਹੈ ਪਰ ਸੰਸਾਰ ਨੇ ਮਾਇਆ ਰੂਪੀ ਜ਼ਹਿਰ ਲਦੀ ਹੋਈ ਹੈ।

ਹੇ ਲੋਕ ਪਰਲੋਕ ਦੇ ਜਾਣਨ ਹਾਰੇ ! ਮੇਰੇ ਬਾਰੇ ਤੇਰਾ ਜੋ ਜੀਅ ਕਰੇ ਪਰਖ ਲੈ, ਇਕ ਗੱਲ ਤਾਂ ਪੱਕੀ ਹੈ ਕਿ ਕਿਉਂ ਕਿ ਮੈ ਸੰਸਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਜਾਲ ਅਥਵਾ ਸੰਸਾਰਕ ਖਲਜਗਣ ਤਿਆਗ ਦਿੱਤੇ ਹਨ ਇਸ ਲਈ ਮੈਨੂੰ ਜਮਰਾਜ ਦਾ ਕੋਈ ਦੰਡ ਨਹੀਂ ਲਗ ਸਕਦਾ ।

ਰਵਿਦਾਸ ਚਮਾਰ ਕਹਿੰਦਾ ਹੈ ਕਿ ਇਸ ਸੰਸਾਰ ਦਾ ਰੰਗ ਅਥਵਾ ਪ੍ਰਕਿਰਤੀ ਕਸੁੰਭੜੇ ਦੇ ਕੱਚੇ ਰੰਗ ਦੀ ਨਿਆਈਂ ਹੈ ਪਰ ਮੇਰੇ ਪ੍ਰਭੂ ਦਾ ਰੰਗ ਮਜੀਠ ਦੇ ਰੰਗ ਵਾਂਗ ਪੱਕਾ ਅਥਵਾ ਸਦ-ਸਥਿਰ ਹੈ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਬ੍ਰਹਮ ਅਤੇ ਦ੍ਰਿਸ਼ਟਮਾਨ ਜਗਤ ਅਥਵਾ ਸੰਸਾਰ ਦਾ ਅੰਤਰ ਸਪਸ਼ਟ ਕੀਤਾ ਹੈ। ਇਕ ਸਦ-ਸਥਿਰ ਹੈ ਦੂਜਾ ਅਸਥਿਰ । ਦੂਜੇ, ਸਤਿਸੰਗ ਕਾਰਣ ਨਾਮ ਦੀ ਕਮਾਈ ਜੀਵਨ ਵਿਚ ਵਾਧੂ ਭਾਰ ਨੂੰ ਲਾਹ ਸੁਟਦੀ ਹੈ ਅਤੇ ਜੀਵ ਜਮ-ਡੰਡ ਵਲੋਂ ਨਿਰਭੈ ਹੋ ਨਿਬੜਦਾ ਹੈ ।

(੫)

ਕੂਪੁ ਭਰਿਉ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ।।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾ ਪਾਰ ਨਾ ਸੂਝ ।। ੧ ।।
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ ।। ੧ ।। ਰਹਾਉ ।।
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ।।
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ।। ੨ ।।
ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨ ਅਪਾਰ ।।
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ।। ੩ ।। ੧ ।।

(ਰਾਗ ਗਉੜੀ, ਸ਼ਬਦਾਰਥ, ਪੰਨਾ ੩੪੬)

ਟੀਕਾ-ਵਿਆਖਿਆ: ਜਿਸ ਤਰ੍ਹਾਂ ਕੋਈ ਖੂਹ ਡਡੂਆਂ ਦਾ ਭਰਿਆ ਪਿਆ ਹੋਵੇ ਅਤੇ ਡਡੂਆਂ ਨੂੰ ਖਬਰ ਹੋਵੇ ਕਿ ਇਸ ਦੇ ਬਾਹਰ ਦੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਗਿਆਨ ਨਹੀਂ ਹੁੰਦਾ, ਉਸੇ ਤਰ੍ਹਾਂ ਮੇਰਾ ਮਨ ਜ਼ਹਿਰ ਰੂਪੀ ਮਾਇਆ ਵਿਚ ਇੰਜ ਸੰਲਗਨ ਹੈ ਕਿ ਉਸ ਨੂੰ ਉਚਲਾ-ਪਾਰਲਾ ਬੰਨਾ ਅਰਥਾਤ ਲੋਕ-ਪ੍ਰਲੋਕ ਦੀ ਕੋਈ ਸੂਝ-ਸਮਝ ਨਹੀਂ ।

ਹੇ ਸਮਸਤ ਭਵਨਾ ਦੇ ਮਾਲਕ ! ਮੈਨੂੰ ਇਕ ਪਲ ਲਈ ਦੀਦਾਰ ਦੇਵੀਂ ।

ਹੇ ਮਾਧਵ-ਪ੍ਰਭੂ ! ਮੇਰੀ ਬੁਧੀ ਮਲੀਨ ਹੋ ਗਈ ਹੈ ਜਿਸ ਕਾਰਣ ਤੇਰੀ ਗਤੀ ਦੀ ਮੈਨੂੰ ਪਛਾਣ ਨਹੀਂ ਰਹੀ । ਇਸ ਲਈ ਤੂੰ ਹੀ ਮੇਰੇ ਉਪਰ ਕਿਰਪਾ ਕਰ, ਸੁਮੱਤ ਅਤੇ ਸਮਝਾਉਣੀ ਦੇਹ ਤਾਂ ਜੋ ਮੇਰੇ ਭਰਮਾ ਦਾ ਵਿਮਾਸ਼ ਹੋ ਜਾਵੇ ।

ਵਡੇ ਤੋਂ ਵਡੇ ਜੋਗੀ ਵੀ ਤੇਰੇ ਬੇਅੰਤ ਗੁਣਾਂ ਦੀ ਥਾਹ ਨਹੀਂ ਪਾ ਸਕੇ । ਰਵਿਦਾਸ ਚਮਾਰ ਕਹਿੰਦੇ ਹਨ ਕਿ ਪ੍ਰਭੂ ਦੀ ਪ੍ਰੇਮਾ ਭਗਤੀ ਪ੍ਰਾਪਤ ਕਰਨ ਹਿਤ ਤੂੰ ਉਸ ਦੇ ਗੁਣਾਂ ਦਾ ਕਥਨ ਕਰ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਕਹਿੰਦੇ ਹਨ ਕਿ ਮਾਇਆ-ਮੋਹਿਆ ਮਨ ਗਿਆਨ ਹੀਨ ਹੋ ਜਾਂਦਾ ਹੈ । ਪ੍ਰਭੂ ਦੀ ਕਿਰਪਾ ਹੀ ਇਸ ਨੂੰ ਗਿਆਨਵਾਨ ਬਣਾ ਸਕਦੀ ਹੈ । ਦੂਜੇ, ਪ੍ਰੇਮਾ ਭਗਤੀ ਦੀ ਪ੍ਰਾਪਤੀ ਲਈ ਪ੍ਰਭੂ ਦੀ ਸਿਫਤ ਸਲਾਹ ਇਕ ਪ੍ਰਮੁਖ ਸਾਧਨ ਹੈ ।

(੬)

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਨ ਕਹੈ ਸਮਝਾਇ ॥
ਜਾ ਤੇ ਆਵਾਗਵਨੁ ਬਿਲਾਇ ॥੧॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ।।੨।।
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ।।
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੇ ਅਭਿਮਾਨੁ ।।੩।।
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ।।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ।।੪।।
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ।।
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ।।੫।।
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ।
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ।।੬।।
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ।।
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ।।੭।।
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ।।
ਪ੍ਰੇਮ ਭਗਤਿ ਨਹੀਂ ਊਪਜੈ ਤਾ ਤੇ ਰਵਿਦਾਸ ਉਦਾਸ ।।੮।।

(ਰਾਗੁ ਗਉੜੀ, ਸ਼ਬਦਾਰਥ, ਪੰਨਾ ੩੪੬)

ਟੀਕਾ-ਵਿਆਖਿਆ : ਸਤਿਜੁਗ ਵਿੱਚ ਸੱਚ ਦਾ ਵਰਤਾਰਾ ਪ੍ਰਧਾਨ ਸੀ, ਤ੍ਰੇਤਾ ਜੁਗ ਯਗ ਆਦਿ ਕਰਮਾਂ ਵਿੱਚ ਪਰਵਿਰਤ ਸੀ ਅਤੇ ਦੁਆਪਰ ਵਿੱਚ ਦੇਵਤਿਆਂ ਦੀ ਪੂਜਾ-ਅਰਚਾ ਦਾ ਬੋਲ ਬਾਲਾ ਸੀ। ਇੰਜ ਇਹਨਾਂ ਤਿੰਨ ਜੁਗਾਂ ਵਿੱਚ ਇਹਨਾਂ ਤਿੰਨ ਪ੍ਰਕਾਰ ਦੇ ਕਰਮਾਂ-ਧਰਮਾਂ ਦਾ ਜ਼ੋਰ ਸੀ ਪਰ ਕਲਜੁਗ ਦਾ ਆਧਾਰ ਕੇਵਲ ਪ੍ਰਭੂ ਦਾ ਨਾਮ ਹੈ।

ਇਹ ਗਲ ਮੈਨੂੰ ਸਮਝਾ ਕੇ ਕੋਈ ਨਹੀਂ ਦਸਦਾ ਕਿ ਸੰਸਾਰ ਸਾਗਰ ਤੋਂ ਪਾਰ ਕਿਵੇਂ ਉਤਰਿਆ ਜਾਵੇ ਜਿਸ ਕਾਰਣ ਆਵਾਗਵਣ ਦਾ ਚੱਕਰ ਖਤਮ ਹੋ ਜਾਏ।

ਸਾਰੇ ਵਿੱਚ ਭਰਮ ਪੈਦਾ ਕਰਕੇ ਉਸ ਕਰਤਾ ਦਾ ਨਿਰਾਦਰ ਕੀਤਾ ਗਿਆ

CC-0. In Public Domain. Panini Kanya Maha Vidyalaya Collection. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਹਨਾਂ ਦੀ ਪਾਲਣਾਂ ਸਮਸਤ ਸੰਸਾਰ ਕਰਦਾ ਦਿਖਾਈ ਦੇ ਰਿਹਾ ਹੈ। ਪਰ ਕਿਹੜਾ ਕਰਮ ਕਰਨ ਨਾਲ ਛੁਟਕਾਰਾ ਹੁੰਦਾ ਅਥਵਾ ਮੁਕਤੀ ਮਿਲਦੀ ਹੈ, ਇਸ ਭਵਸਾਗਰ ਤੋਂ ਪਾਰ ਲੰਘੀਦਾ ਹੈ, ਕਿਹੜਾ ਕਰਮ ਸਾਧਿਆਂ ਜੀਵਨ ਮਨੋਰਥ ਦੀ ਸਿੱਧੀ ਹੁੰਦੀ ਹੈ, ਇਸ ਦਾ ਪਤਾ ਨਹੀਂ ਲਗਦਾ।

ਵੇਦਾਂ ਅਤੇ ਪੁਰਾਣਾਂ ਵਿੱਚ ਕਰਮ-ਅਕਰਮ ਸੰਬੰਧੀ ਕੀਤੇ ਗਏ ਭਿੰਨ ਭਿੰਨ ਨਿਰਣਿਆਂ ਨੂੰ ਸੁਣ ਕੇ ਸ਼ੰਕਾ ਹੀ ਉਤਪੰਨ ਹੁੰਦੀ ਹੈ ਅਤੇ ਇਹ ਸੰਸਾ ਹਮੇਸ਼ਾ ਹਿਰਦੇ ਵਿੱਚ ਬਣਿਆ ਰਹਿੰਦਾ ਹੈ ਕਿ ਕਿਹੜਾ ਕਰਮ ਸਾਡੇ ਅਭਿਮਾਨ ਨੂੰ ਦੂਰ ਕਰ ਸਕਦਾ ਹੈ।

ਤੀਰਥੀਂ ਇਸ਼ਨਾਨ ਕਰਨ ਨਾਲ ਸਰੀਰ ਦਾ ਬਾਹਰਲਾ ਪਾਸਾ ਹੀ ਧੁਪਦਾ ਹੈ, ਪਰ ਹਿਰਦੇ ਅੰਦਰ ਅਨੇਕ ਪ੍ਰਕਾਰ ਦੇ ਵਿਕਾਰ ਵਿਦਮਾਨ ਰਹਿੰਦੇ ਹਨ। ਇਹ ਇਸ਼ਨਾਨ ਤਾਂ ਹਾਥੀ ਦੇ ਇਸ਼ਨਾਨ-ਕਰਮ ਦੀ ਨਿਆਂਈਂ ਹੈ, ਇਸ ਨਾਲ ਸ਼ੁਧੀ ਪ੍ਰਾਪਤ ਨਹੀਂ ਹੋ ਸਕਦੀ।

ਸਮਸਤ ਸੰਸਾਰ ਇਸ ਗੱਲ ਤੋਂ ਭਲੀ ਭਾਂਤ ਜਾਣੂ ਹੈ ਕਿ ਕਿਵੇਂ ਸੂਰਜ ਦੇ ਨਿਕਲਣ ਨਾਲ ਰਾਤ ਦਾ ਅੰਨੇਰਾ ਦੂਰ ਹੋ ਜਾਂਦਾ ਹੈ। ਇਹ ਗਲ ਵੀ ਵਿਦਤ ਹੈ ਕਿ ਪਾਰਸ ਦੀ ਛੁਹ ਨਾਲ ਤਾਂਬੇ ਨੂੰ ਸੋਨੇ ਦਾ ਰੂਪ ਧਾਰਣ ਵਿਚ ਦੇਰ ਨਹੀਂ ਲਗਦੀ।

ਪੂਰਬਲੇ ਚੰਗੇ ਭਾਗਾਂ ਦਾ ਸਦਕਾ ਪਰਮ ਪਾਰਸ ਅਥਵਾ ਸਰਬੋਤਮ ਪਾਰਸ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ। ਪ੍ਰਭੂ ਮਿਲਾਪ ਲਈ ਤਾਂਘਦਾ ਮਨ ਅੰਤਰ ਆਤਮੇ ਹੀ ਪ੍ਰਭੂ ਨੂੰ ਮਿਲ ਪੈਂਦਾ ਹੈ, ਫਲਸਰੂਪ ਮਨ ਦੇ ਪਥਰ-ਵਤ ਕਰੜੇ ਦੁਆਰ ਖੁਲ੍ਹ ਜਾਂਦੇ ਹਨ।

ਜਿਹਨਾਂ ਨੇ ਭਗਤੀ ਦੀ ਜੁਗਤੀ ਦੁਆਰਾ ਸਮਸਤ ਭਰਮਾਂ ਅਤੇ ਵਿਕਾਰਾਂ ਦੇ ਬੰਧਨ ਨੂੰ ਤੋੜ ਕੇ ਆਪਣੀ ਮਤ ਨੂੰ ਦ੍ਰਿੜ੍ਹ ਕਰ ਲਿਆ ਹੈ ਉਹ ਪ੍ਰਭੂ ਦੀ ਭਗਤੀ ਵਿੱਚ ਇਤ ਰੰਗੇ ਜਾਂਦੇ ਹਨ

CC-0. In Public Domain. Panini Kanya Maha Vidyalaya Collection. Varanasi

Digitized by Arya Samaj Foundation Chennai and eGangotri

ਰਸ-ਰੂਪ ਪ੍ਰਭੂ ਨੂੰ ਮਿਲ ਪੈਂਦੇ ਹਨ ਅਤੇ ਉਸ ਤ੍ਰੈਗੁਣਾਂਤੀਤ ਇਕ ਈਸ਼ਵਰ ਦੇ ਗੁਣਾਂ ਦੀ ਵਿਚਾਰ ਵਿਚ ਰਤ ਰਹਿੰਦੇ ਹਨ।

ਮਨ ਨੂੰ ਵਿਕਾਰਾਂ ਤੋਂ ਰੋਕਣ ਦੇ ਅਨੇਕ ਜਤਨ ਕੀਤੇ ਪਰ ਭਰਮਾਂ ਦੀ ਫਾਹੀ ਨਹੀਂ ਉਤਰੀ। ਇਹਨਾਂ ਕਰਮਾਂ ਨਾਲ ਪ੍ਰਭ ਦੀ ਪ੍ਰੇਮਾ ਭਗਤੀ ਨਹੀਂ ਉਪਜਦੀ, ਸਿੱਟੇ ਵਜੋਂ, ਰਵਿਦਾਸ ਜੀ ਕਹਿੰਦੇ ਹਨ, ਕਿ, ਮੈਂ ਇਹਨਾਂ ਸਸਤ ਕਰਮਾਂ–ਧਰਮਾਂ ਤੋਂ ਉਦਾਸੀਨ ਹਾਂ।

ਸਾਰੰਸ਼ : ਸ਼ਾਸਤ੍ਰ-ਕਬਿਤ ਅਨੇਕ ਕਰਮ–ਧਰਮ ਮੁਕਤੀ ਨਹੀਂ ਦਿਵਾ ਸਕਦੇ। ਪ੍ਰੇਮਾ ਭਗਤੀ ਹੀ ਮੁਕਤੀ–ਪ੍ਰਦਾਤੀ ਹੈ ਜੋ ਕਿਸੇ ਕਰਮ–ਧਰਮ ਦੇ ਸਹਾਰੇ ਨਹੀਂ ਉਪਜਦੀ ਸਗੋਂ ਪਰਮ ਪਾਰਸ ਗੁਰੂ ਦੀ ਬਖਸ਼ਿਸ਼ ਤੋਂ ਉਪਜਦੀ ਹੈ।

(੭)

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ।। ੧ ।।
ਮਾਧੋ ਅਬਿਦਿਆ ਹਿਤ ਕੀਨ ।।
ਬਿਬੇਕ ਦੀਪ ਮਲੀਨ ।। ੧ ।। ਰਹਾਉ ।।
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ।।
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ ।। ੨ ।।
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ।।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ।। ੩ ।।
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ।।
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ।। ੪ ।। ੧ ।।

(ਰਾਗੁ ਆਸਾ, ਸ਼ਬਦਾਰਥ, ਪੰਨਾ ੪੮੬)

ਦੀਕਾ ਦਿਆਖਿਆ : ਹਿਰਨ ਮਛਲੀ, ਭੌਰਾ, ਭੁੰਬੂਟ ਅਤੇ

CC-0.In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਥੀ, ਇਹਨਾਂ ਪੰਜਾਂ ਦਾ ਵਿਨਾਸ਼ ਇਹਨਾਂ ਵਿੱਚ ਕਿਸੇ ਨਾ ਕਿਸੇ ਦੋਸ਼ (ਹਿਰਨ ਨੂੰ ਘੰਡੇ ਹੋੜੇ ਦਾ ਨਾਦ ਸੁਣਨ ਦਾ, ਸਛਲੀ ਨੂੰ ਜੀਭ ਦਾ, ਭੌਰੇ ਨੂੰ ਫੁਲ ਸੁੰਘਣ ਦਾ, ਭੰਬਟ ਨੂੰ ਦੀਵੇ ਉਤੇ ਸੜ ਮਰਨ ਦਾ ਅਤੇ ਹਾਥੀ ਨੂੰ ਕਾਮ ਦਾ ਚਸਕਾ ਹੁੰਦਾ ਹੈ) ਅਥਵਾ ਐਬ ਜਾਂ ਚਸਕੇ ਦੇ ਕਾਰਣ ਹੁੰਦਾ ਹੈ। ਪਰ ਜਿਸ ਮਨੁੱਖ ਨੂੰ ਕਾਮ ਆਦਿ ਪੰਜ ਅਸਾਧ (ਲਾ-ਇਲਾਜ) ਰੋਗ ਚੰਮੜੇ ਪਏ ਹਨ ਉਸ ਦੇ ਜਿਉਣ ਦੀ ਕੀ ਆਸ ਹੈ ?

ਹੇ ਪ੍ਰਭੂ ! ਜੀਵ ਅਗਿਆਨ ਨਾਲ ਪ੍ਰੇਮ-ਸੰਲਗਨ ਹਨ ਜਿਸ ਕਾਰਣ ਉਹਨਾਂ ਦਾ ਵਿਵੇਕ ਰੂਪੀ ਦੀਵਾ ਮੈਲਾ ਅਥਵਾ ਧੁੰਦਲਾ ਪੈ ਗਿਆ ਹੈ, ਅਰਥਾਤ ਚੰਗੇ-ਮੰਦੇ ਦੀ ਪਛਾਣ ਉਹਨਾਂ ਅੰਦਰੋਂ ਖਤਮ ਹੋ ਗਈ ਹੈ।

ਸਰਪ ਆਦਿ ਜੀਵ ਜੋ ਵਿੰਗੇ ਹੋਕੇ ਚਲਦੇ ਹਨ, ਕਿਉਂਕਿ ਮਨੁੱਖ ਦੇ ਟਾਕਰੇ ਤੇ ਅਚੇਤ ਹਨ ਇਸ ਲਈ ਪਾਪ-ਪੁੰਨ ਪ੍ਰਤੀ ਉਹਨਾਂ ਦਾ ਵਿਚਾਰ ਹੀਣ ਹੋਣਾ ਸੰਭਵ ਹੈ, ਕੁਦਰਤੀ ਹੈ ਪਰ ਮਨੁੱਖਾ ਜਨਮ ਦੁਰਲਭ ਹੈ ਅਤੇ ਅਚਰਜ ਵਾਲੀ ਗਲ ਇਹ ਹੈ ਕਿ ਮਨੁੱਖ ਵੀ ਵਿਕਾਰਾਂ ਆਦਿ ਦੀ ਨੀਚ ਸੰਗਤ ਵਿੱਚ ਵਿਚਰਦਾ ਹੈ।

ਕੀਤੇ ਕਰਮਾਂ ਦੇ ਅਧੀਨ ਜਨਮ ਲੈ ਕੇ ਜੀਵ ਜਿਥੇ ਕਿਤੇ ਵੀ ਵਿਚਰਣ, ਕਾਲ ਦੀ ਅਕਟ ਫਾਹੀ ਉਹਨਾਂ ਦੇ ਗਲੇ ਜ਼ਰੂਰ ਪੈਂਦੀ ਹੈ ਜਿਸ ਅੱਗੇ ਉਹਨਾਂ ਦੀ ਕੋਈ ਪੇਸ਼ ਨਹੀਂ ਜਾਂਦੀ।

ਵਿਸ਼ੇ ਵਿਕਾਰਾਂ ਤੋਂ ਉਪ੍ਰਾਮ ਅਤੇ ਪ੍ਰਭੂ ਦੇ ਸੇਵਕ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਭਗਤ ਜਨਾਂ ਦੇ ਦੁਖ ਨਿਵਾਰਣ ਹਾਰੇ ! ਪਰਮ ਆਨੰਦ ਸਰੂਪ !! ਭਰਮਾਂ ਨੂੰ ਤਜ ਕੇ ਗੁਰੂ ਦੇ ਗਿਆਨ ਦੀ ਕਮਾਈ ਨੂੰ ਮੈ ਸਰਬੋਤਮ ਤਪ ਸਮਝਿਆ ਹੈ ਇਸ ਲਈ ਮੈਨੂੰ ਸ਼ੁਧਤਾ ਪ੍ਰਦਾਨ ਕਰੋ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਮਨੁੱਖ ਨੂੰ ਕਾਮ ਆਦਿ ਪੰਜ ਰੋਗ ਚੰਮੜੇ ਪਏ ਹਨ, ਇਹਨਾਂ ਦੀ ਪਛਾਣ ਅਤੇ ਇਹਨਾਂ ਦਾ ਨਿਵਾਰਣ ਪ੍ਰਭੂ ਹੀ ਕਰ ਸਕਦਾ ਹੈ।

(੮)

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥ ੧ ॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥ ੧ ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਉਲ੍ਹਗਣੀ ॥ ੨ ॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
ਜਣੀ ਲਖਾਵਹੁ ਅਸੰਤ ਪਾਪੀਸਣਿ ॥ ੩ ॥
ਰਵਿਦਾਸ ਭਣੈ ਜੋ ਜਾਣੈ ਸੋ ਜਾਣੁ ॥
ਸੰਤ ਅਨੰਤਹਿ ਅੰਤਰੁ ਨਾਹੀ ॥ ੪ ॥ ੨ ॥

(ਰਾਗੁ ਆਸਾ, ਸ਼ਬਦਾਰਥ, ਪੰਨਾ ੪੮੬)

ਟੀਕਾ-ਵਿਆਖਿਆ : ਹੇ ਸਰਬੋਤਮ ਦੇਵ ! ਸੰਤ ਤੇਰਾ ਰੂਪ ਹਨ, ਸੰਤਾਂ ਦੀ ਸੰਗਤ ਤੇਰੀ ਜਿੰਦ-ਜਾਨ ਹੈ, ਗੁਰ-ਗਿਆਨ ਦੁਆਰਾ ਹੀ ਮੈਂ ਸੰਤਾਂ ਦੀ ਇਸ ਵਡਿਆਈ ਨੂੰ ਜਾਣ ਸਕਿਆ ਹਾਂ।

ਹੇ ਸਰਬੋਤਮ ਦੇਵ ! ਮੈਨੂੰ ਸੰਤਾਂ ਦੀ ਸੰਗਤ, ਸੰਤ ਕਥਾ ਦਾ ਰਸ ਅਤੇ ਸੰਤਾਂ ਨਾਲ ਪ੍ਰੇਮ ਕਰਨ ਦਾ ਅਵਸਰ ਪ੍ਰਦਾਨ ਕਰ।

ਮੈਨੂੰ ਸੰਤਾਂ ਦੀ ਕਰਣੀ, ਸੰਤਾਂ ਦਾ ਮਾਰਗ ਅਤੇ ਸੰਤਾਂ ਦੇ ਦਾਸਾਂ ਦੀ ਦਾਸਤਾ ਪ੍ਰਦਾਨ ਕਰ। ਮੈਂ ਤੇਰੇ ਪਾਸੋਂ ਇਕ ਹੋਰ ਚੀਜ਼ ਅਰਥਾਤ ਮਨ ਦੀਆਂ ਇੱਛਾਵਾਂ ਪੂਰਨ ਵਾਲੀ ਮਣੀ ਰੂਪੀ ਭਗਤੀ ਦੀ ਮੰਗਦਾ ਹਾਂ। ਮੈਨੂੰ ਅਸੰਤ ਅਤੇ ਮਾਇਆ ਗ੍ਰਸਤ ਇਸਤਰੀਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਸ਼ਨ ਨਾ ਕਰਾਈਂ ।

ਰਵਿਦਾਸ ਜੀ ਕਹਿੰਦੇ ਹਨ ਕਿ ਵਾਸਤਵ ਵਿਚ ਸਿਆਣਾ ਮਨੁੱਖ ਉਹੀ ਹੈ ਜੋ ਇਹ ਜਾਣਦਾ ਹੈ ਕਿ ਸੰਤ ਅਤੇ ਅਨੰਤ ਪ੍ਰਭੂ ਵਿੱਚ ਕੋਈ ਅੰਤਰ ਨਹੀਂ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਸੰਤਾਂ ਦੀ ਉਸਤਤ ਕੀਤੀ ਹੈ । ਉਹਨਾਂ ਅਨੁਸਾਰ ਸੰਤ ਅਤੇ ਅਨੰਤ (ਪ੍ਰਭੂ) ਵਿੱਚ ਕੋਈ ਅੰਤਰ ਨਹੀਂ ।

(੬)

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ।।
ਨੀਚ ਰੂਪ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ।।੧।।
ਮਾਧਉ ਸਤ ਸੰਗਤਿ ਸਰਨਿ ਤੁਮਾਰੀ ।।
ਹਮ ਅਉਗਨ ਤੁਮ ਉਪਕਾਰੀ ।।੧।।ਰਹਾਉ।।
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ।।
ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਰ ਮਖੀਰਾ ।।੨।।
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ।।
ਰਾਜਾ ਰਾਮ ਕੀ ਸੇਵ ਨ ਕੀਨ੍ਹੀ ਕਹਿ ਰਵਿਦਾਸ ਚਮਾਰਾ ।।੩।।੩।।

ਟੀਕਾ-ਵਿਆਖਿਆ : ਤੂੰ ਚੰਦਨ ਦੇ ਬੂਟੇ ਦੀ ਨਿਆਈਂ ਹੈਂ ਤੇ ਮੈਂ ਨਿਮਾਣੇ ਰਿੰਡ ਦੇ ਬੂਟੇ ਸਮਾਨ ਪਰ ਤੇਰੇ ਨਿਕਟ ਹੀ ਮੈਨੂੰ ਨਿਵਾਸ ਮਿਲ ਗਿਆ ਹੈ । ਫਲਸਰੂਪ, ਮੈਂ ਨੀਵੇਂ ਤੋਂ ਉੱਚਾ ਹੋ ਗਿਆ ਹਾਂ ਅਤੇ ਤੇਰੀ ਗੰਧ-ਸੁਗੰਧ ਮੇਰੇ ਅੰਦਰ ਰਮ ਗਈ ਹੈ ।

ਹੇ ਮਾਧਉ ਰੂਪ ਪ੍ਰਭੂ ! ਮੈਂ ਤੇਰੀ ਸ਼ੁਭ ਸੰਗਤ ਦੀ ਸ਼ਰਣ ਵਿੱਚ ਆਇਆ ਹਾਂ । ਮੈਂ ਅਉਗਣਿਆਰਾ ਹਾਂ ਅਤੇ ਤੂੰ ਪਰਉਪਕਾਰੀ ਹੈਂ ।
ਤੂੰ ਚਿੱਟੇ-ਪੀਲੇ ਰੇਸ਼ਮ ਦੀ ਨਿਆਈਂ ਹੈਂ ਅਤੇ ਮੈਂ ਨਿਮਾਣੇ ਕੀੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਮਾਨ ਹਾਂ । ਮੇਰੀ ਇੱਛਾ ਹੈ ਕਿ ਤੇਰੀ ਸੰਗਤਿ ਵਿਚ ਇਉਂ ਜੁੜਿਆ ਰਹਾਂ ਜਿਵੇਂ ਮੱਖੀਆਂ ਸ਼ਹਿਦ ਨਾਲ ਜੁੜੀਆਂ ਰਹਿੰਦੀਆਂ ਹਨ ।

ਰਵਿਦਾਸ ਚਮਾਰ ਕਹਿੰਦਾ ਹੈ ਕਿ ਇਕ ਤਾਂ ਮੇਰੀ ਜਾਤਿ ਨੀਵੀਂ ਹੈ, ਕੁੱਲ ਨੀਵੀਂ ਹੈ, ਮੇਰਾ ਜਨਮ ਨਿਮਨ ਵਰਗ 'ਚੋਂ ਹੈ ਤੇ ਦੂਜੇ ਮੈਂ ਰਾਜਾ ਰਾਮ ਰੂਪੀ ਪ੍ਰਭੂ ਦੀ ਭਗਤੀ ਨਹੀਂ ਕੀਤੀ । ਮੇਰਾ ਕੀ ਬਣੇਗਾ ?

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਜੀਵ ਅਤੇ ਬ੍ਰਹਮ ਦਾ ਭੇਦ-ਪ੍ਰਤਿਪਾਦਨ ਕੀਤਾ ਹੈ । ਇਸ ਭੇਦ ਦਾ ਕਾਰਣ ਜੀਵ ਦੀ ਭਗਤੀ-ਹੀਣਤਾ ਹੈ ।

(੧੦)

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ ਰਾਮਈਆ ਧਨੁ ॥੧॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

(ਰਾਗੁ ਆਸਾ, ਸ਼ਬਦਾਰਥ, ਪੰਨਾ ੪੮੬-੮੭)

ਟੀਕਾ-ਵਿਆਖਿਆ : ਮੇਰਾ ਤਨ ਟੁਕੜੇ ਟੁਕੜੇ ਹੋ ਕੇ ਖਤਮ ਵੀ ਹੋ ਜਾਏ ਤਾਂ ਮੈਨੂੰ ਕੋਈ ਚਿੰਤਾ ਨਹੀਂ । ਡਰ ਤਾਂ ਇਸ ਗੱਲ ਦਾ ਹੈ ਕਿ ਮੇਰਾ ਪ੍ਰੇਮ ਨ ਖਤਮ ਹੋ ਜਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰੇ ਮਨ ਨੇ ਤੇਰੇ ਚਰਨ ਕੰਵਲਾਂ ਨੂੰ ਆਪਣਾ ਨਿਵਾਸ-ਸਥਾਨ ਬਣਾ ਲਿਆ ਹੈ। ਤੇਰੇ ਚਰਨ-ਸੇਵਨ ਦੁਆਰਾ ਇਸ ਨੇ ਤੇਰਾ (ਰਾਮਈਆ) ਨਾਮ ਰੂਪੀ ਧਨ ਪ੍ਰਾਪਤ ਕਰ ਲਿਆ ਹੈ।

ਸੰਪਤੀ, ਬਿਪਤਾ ਅਤੇ ਧਨ ਆਦਿ ਸਭ ਮਾਇਆ ਦੇ ਪਰਦੇ ਹਨ, ਤੇਰਾ ਜਨ ਮਾਇਆ ਦੇ ਇਹਨਾਂ ਪਰਦਿਆਂ ਵਿੱਚ ਖਚਿਤ ਨਹੀਂ ਹੁੰਦਾ।

ਰਵਿਦਾਸ ਜੀ ਕਹਿੰਦੇ ਹਨ ਕਿ ਤੇਰਾ ਦਾਸ ਪ੍ਰੇਮ ਦੀ ਰੱਸੀ ਨਾਲ ਜਕੜਿਆ ਪਿਆ ਹੈ। ਜਿਸ ਵਿਚੋਂ ਨਿਕਲਣ ਦਾ ਕੋਈ ਗੁਣ ਨਹੀਂ, ਕੋਈ ਲਾਭ ਨਹੀਂ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਸਰੀਰ ਅਤੇ ਇਸ ਦੇ ਸੁਖਾਂ ਦੇ ਟਾਕਰੇ ਤੇ ਪ੍ਰਭੂ-ਪ੍ਰੇਮ ਨੂੰ ਪਹਿਲ ਦਿੱਤੀ ਹੈ। ਇਹ ਵੀ ਦਸਿਆ ਹੈ ਕਿ ਪ੍ਰਭੂ-ਪ੍ਰੇਮ ਵਿੱਚ ਸੰਲਗਨ ਸਾਧਕ ਨੂੰ ਮਾਇਆ ਨਹੀਂ ਮੋਹ ਸਕਦੀ।

(੧੧)

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥੧॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀਂ ਆਇਆ ॥੨॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੨॥

(ਰਾਗੁ ਆਸਾ, ਸ਼ਬਦਾਰਥ, ਪੰਨਾ ੪੮੭)

CC-0. In Public Domain. Panini Kanya Maha Vidyalaya Collection. ਦੀਵਾਨ ਪ੍ਰਬੋਧ ਚੰਦ੍ਰਿਕਾ : ਪ੍ਰਭੂ ਭਗਤੀ ਦੇ ਸਿਧਾਂਤ ਅਤੇ ਵਿਆਖਿਆ

Digitized by Arya Samaj Foundation Chennai and eGangotri

ਦੁਆਰਾ ਪ੍ਰਭੂ ਦੇ ਦਾਸ ਸੰਪੂਰਣ ਭਾਂਤ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਂਦੇ ਹਨ।

ਹਰੀ ਦੇ ਨਾਮ ਸਿਮਰਨ ਦੁਆਰਾ ਕਬੀਰ ਜੀ ਜਗਤ ਵਿੱਚ ਪ੍ਰਸਿਧ ਹੋਏ ਅਤੇ ਉਹਨਾ ਦੇ ਜਨਮ ਜਨਮਾਂਤਰਾਂ ਦੇ ਲੇਖੇ ਕਟੇ ਗਏ।

ਹਰੀ-ਨਾਮ ਸਿਮਰਨ ਦੇ ਕਾਰਣ ਹੀ ਨਾਮਦੇਵ ਨੇ ਗੋਬਿੰਦ ਰਾਏ ਨੂੰ ਦੁਧ ਪਿਲਾਇਆ ਸੀ ਅਤੇ ਨਾਮ ਸਿਮਰਨ ਦੇ ਫਲਸਰੂਪ ਹੀ ਉਹ ਇਸ ਜਗਤ ਅਤੇ ਜੀਵਨ ਦੇ ਦੁੱਖਾਂ ਵਿੱਚ ਨਹੀਂ ਪਿਆ।

ਰਵਿਦਾਸ ਜਨ ਰਾਮ ਰੂਪੀ ਪ੍ਰਭੂ ਦੇ ਪ੍ਰੇਮ ਵਿੱਚ ਰੱਤਿਆ ਗਿਆ ਹੈ, ਫਲਸਰੂਪ ਗੁਰੂ ਦੀ ਕਿਰਪਾ ਸਦਕਾ ਉਹ ਨਰਕਾਂ ਵਿੱਚ ਨਹੀਂ ਜਾਵੇਗਾ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਪ੍ਰਭੂ ਦੇ ਨਾਮ-ਸਿਮਰਨ ਦੀ ਮਹਿਮਾ ਦਾ ਗਾਇਨ ਕੀਤਾ ਹੈ। ਉਹਨਾਂ ਅਨੁਸਾਰ ਪ੍ਰਭੂ ਦਾ ਨਾਮ-ਸਿਮਰਨ ਮੁਕਤੀ-ਪ੍ਰਦਾਤਾ ਹੈ।

(੧੨)

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤ ਹੈ ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੀਕਾ-ਵਿਆਖਿਆ : ਜੀਵ ਮਿਟੀ ਦਾ ਪੁਤਲਾ ਹੈ। ਅਜੀਬ ਨਾਚ ਨਚ ਰਿਹਾ ਹੈ। ਇਸ ਦਾ ਦੇਖਣਾ, ਸੁਣਨਾ, ਬੋਲਣਾ, ਦੌੜਦਿਆਂ-ਭਟਕਦਿਆਂ ਫਿਰਨਾ ਸਭੋ ਕੁਝ ਮਾਇਆ ਤੇ ਆਧਾਰਤ ਹੈ।

ਮਾਇਆ-ਧਨ ਦੀ ਪ੍ਰਾਪਤੀ ਤੇ ਇਹ ਅਹੰਕਾਰ-ਗ੍ਰਸਿਤ ਹੋ ਜਾਂਦਾ ਹੈ ਅਤੇ ਇਸ ਦੀ ਅਪ੍ਰਾਪਤੀ ਅਰਥਾਤ ਗੁਆਚ ਜਾਣ ਤੇ ਰੋਂਦਾ ਅਥਵਾ ਦੁਖੀ ਹੁੰਦਾ ਹੈ।

ਜੀਵ ਮਨ, ਬਚਨ ਅਤੇ ਕਰਮ ਕਰਕੇ ਦੁਨਿਆਵੀ ਰਸਾਂ-ਸੁਆਦਾਂ ਵਿੱਚ ਸੰਲਗਨ ਰਹਿੰਦਾ ਹੈ ਪਰ ਮਰਨ ਉਪ੍ਰੰਤ ਪਤਾ ਨਹੀ ਕਿਥੇ ਜਾ ਸਮਾਉਂਦਾ ਹੈ।

ਰਵਿਦਾਸ ਜੀ ਕਹਿੰਦੇ ਹਨ ਹੇ ਭਾਈ ਇਹ ਜਗਤ ਤਾਂ ਨਿਰੀ ਖੇਡ ਹੈ। ਇਸ ਦੇ ਖਿਡਾਵੇ ਅਰਥਾਤ ਬਾਜੀਗਰ ਨਾਲ ਮੇਰਾ ਪ੍ਰੇਮ ਪੈ ਗਿਆ ਹੈ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਮਾਇਆ-ਗ੍ਰਸਿਤ ਮਨੁੱਖ ਦੀ ਦੁਰਗਤੀ ਵਲ ਸੰਕੇਤ ਕੀਤਾ ਹੈ ਅਤੇ ਦਸਿਆ ਹੈ ਕਿ ਮਾਇਆ ਦੇ ਸੁਆਮੀ ਪਰਮਾਤਮਾ ਨਾਲ ਪ੍ਰੇਮ ਪਾਇਆਂ ਹੀ ਇਸ ਦਾ ਉੱਧਾਰ ਹੋ ਸਕਦਾ ਹੈ।

(੧੩)

ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥
ਮੈਲਾਗਰ ਬੇਰ੍ਹ ਹੈ ਭੁਇਅੰਗਾ ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੂਪ ਦੀਪ ਨਈ ਬੇਦਹਿ ਬਾਸਾ ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪ੍ਰਸਾਦਿ ਨਿਰੰਜਨੁ ਪਾਵਉ ॥੪॥
ਪੂਜਾ ਅਰਚਾ ਆਹਿ ਨ ਤੋਰੀ ॥
ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥ ॥੧॥

(ਰਾਗੁ ਗੂਜਰੀ, ਸ਼ਬਦਾਰਥ, ਪੰਨਾ ੫੨੫)

ਟੀਕਾ-ਵਿਆਖਿਆ : ਦੁਧ ਨੂੰ ਤਾਂ ਵੱਛੇ ਨੇ ਥਣਾਂ ਤੋਂ ਹੀ ਚੁੰਘ-ਚੁੰਘ ਜੂਠਾ ਕਰ ਦਿੱਤਾ ਹੈ। ਫੁਲਾਂ ਨੂੰ ਭੌਰਿਆਂ ਨੇ ਸੁੰਘ-ਸੁੰਘ ਕੇ ਅਤੇ ਪਾਣੀ ਨੂੰ ਮਛਲੀ ਨੇ ਜਲ-ਵਾਸ ਕਰਕੇ ਵਿਗਾੜ ਦਿੱਤਾ ਹੈ ਅਰਥਾਤ ਇਹਨਾਂ ਦੀ ਸ਼ੁਧਤਾ ਨੂੰ ਨਸ਼ਟ ਕਰ ਕੇ ਇਹਨਾਂ ਵਿੱਚ ਵਿਕਾਰ ਲੈ ਆਂਦਾ ਹੈ।

ਹੇ ਮੇਰੀ ਮਾਂ ! ਮੈਂ ਆਪਣੇ ਗੋਬਿੰਦ ਦੀ ਪੂਜਾ ਲਈ ਹੁਣ ਕਿਹੜੀ ਚੀਜ਼ ਉਸ ਦੀ ਭੇਟ ਕਰਾਂ ? ਕਿਉਂਕਿ ਦੁੱਧ, ਫੁਲ ਅਤੇ ਪਾਣੀ ਇਹ ਤਿੰਨੇ ਵਸਤਾਂ ਜੂਠੀਆਂ ਹੋ ਗਈਆਂ ਹਨ ਅਤੇ ਗੋਬਿੰਦ ਦੀ ਭੇਟ ਚੜ੍ਹਾਉਣ ਦੇ ਯੋਗ ਨਹੀਂ ਰਹੀਆਂ। ਪੂਜਾ ਨਮਿਤ ਹੁਣ ਕੋਈ ਹੋਰ ਅਰਥਾਤ ਸੁਚਾ ਫੁਲ ਨਹੀਂ ਮਿਲ ਸਕਦਾ ਤਾਂ ਕੀ ਮੈਂ ਇਹ ਸਮਝ ਲਵਾਂ ਕਿ ਸੁੰਦਰ-ਸਰੂਪ ਗੋਬਿੰਦ ਨੂੰ ਮੈਂ ਪ੍ਰਾਪਤ ਨਹੀਂ ਕਰ ਸਕਦਾ ?

ਮਲਯ ਪਰਬਤ ਉਪਰ ਉਗੇ ਹੋਏ ਚੰਦਨ ਦੇ ਬੂਟਿਆਂ ਨੂੰ ਸਪ ਲਿਪਟੇ ਪਏ ਹਨ ਤੇ ਇੰਜ ਜ਼ਹਿਰ ਅਤੇ ਅੰਮ੍ਰਿਤ ਇਕੱਠੇ ਹੀ ਵਸਦੇ ਹਨ। ਅਰਥਾਤ ਚੰਦਨ ਰੂਪੀ ਅੰਮ੍ਰਿਤ ਸਪ ਰੂਪੀ ਜ਼ਹਿਰ ਦੀ ਹੋਂਦ ਕਾਰਣ ਅਪ੍ਰਾਪਤ ਹੈ।

CC-0.In Public Domain. Gurukul Kangri Collection, Haridwar
ਧੂਪ, ਦੀਪ ਅਤੇ ਨੈਵੇਦ ਅਰਥਾਤ ਪੂਜਾ ਨਮਿਤ ਸਮੱਗਰੀ ਅਗੇ

Digitized by Arya Samaj Foundation Chennai and eGangotri

ਭੇਟ ਕੀਤੀਆਂ ਜਾਂਦੀਆਂ ਖਾਣ ਵਾਲੀਆਂ ਵਸਤਾਂ ਵੀ ਸੁਗੰਧੀ ਲੈਣ ਕਾਰਣ ਦੂਸ਼ਿਤ ਹੋ ਨਿਬੜਦੀਆਂ ਹਨ ਇਸ ਲਈ ਹੇ ਪ੍ਰਭੂ ਤੇਰਾ ਦਾਸ-ਭਗਤ ਕਿਸ ਤਰ੍ਹਾਂ ਅਰਥਾਤ ਕਿਹਨਾਂ ਸਾਧਨਾਂ ਨਾਲ ਤੇਰੀ ਪੂਜਾ ਕਰੇ ?

ਹੇ ਪ੍ਰਭੂ ! ਮੈਂ ਅਪਣਾ ਤਨ, ਮਨ ਪੂਜਾ ਨਮਿਤ ਅਰਪਣ ਕਰਦਾ ਹਾਂ। ਕੇਵਲ ਇਸ ਪ੍ਰਕਾਰ ਦੀ ਪੂਜਾ ਦੁਆਰਾ ਮੈਂ ਤੈਨੂੰ ਮਾਇਆ-ਮੁਕਤ ਨੂੰ ਗੁਰੂ ਦੀ ਕਿਰਪਾ ਸਦਕਾ ਪ੍ਰਾਪਤ ਕਰ ਸਕਦਾ ਹਾਂ।

ਰਵਿਦਾਸ ਜੀ ਕਹਿੰਦੇ ਹਨ ਕਿ ਜੇ ਦੁਧ, ਫੁਲ, ਧੂਪ, ਚੰਦਨ ਅਤੇ ਨੈਵੇਦ ਆਦਿ ਨਾਲ ਹੀ ਕੇਵਲ ਤੇਰੀ ਪੂਜਾ ਹੋ ਸਕਣੀ ਹੁੰਦੀ ਤਾਂ ਮੇਰੇ ਪਾਸੋਂ ਤਾਂ ਹੋਣੀ ਹੀ ਨਹੀਂ ਸੀ ਕਿਉਂਕਿ ਇਹ ਵਸਤਾਂ ਸੁੱਚੇ-ਰੂਪ ਵਿੱਚ ਦੁਰਲਭ ਹਨ। ਅਜਿਹੀ ਹਾਲਤ ਵਿੱਚ ਮੇਰੀ ਕੀ ਦਸ਼ਾ ਹੁੰਦੀ ਅਰਥਾਤ ਮਾੜੀ ਹਾਲਤ ਹੁੰਦੀ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਪੂਜਾ ਬਾਹਰਮੁਖੀ ਵਸਤਾਂ ਦੀ ਭੇਟਾ ਨਾਲ ਨਹੀਂ ਸਗੋਂ ਤਨ ਮਨ ਦੇ ਅਰਪਣ ਦੁਆਰਾ ਹੁੰਦੀ ਹੈ।

(੧੪)

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥ ੧ ॥
ਮਾਧਵੇ ਕਿਆ ਕਹੀਐ ਭ੍ਰਮ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ।
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਜਾਨਹਿ ਜਿਹ ਆਈ ॥ ੨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ ॥ ੩ ॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੰਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥ ੧ ॥

(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੫੯)

ਟੀਕਾ-ਵਿਆਖਿਆ : ਜਦੋਂ ਤੀਕ ਜੀਵ ਅੰਦਰ ਹਮ-ਹਉਮੈਂ ਦਾ ਵਾਸ ਹੁੰਦਾ ਹੈ ਉਦੋਂ ਤੀਕ ਉਸ ਨੂੰ ਪ੍ਰਭੂ ਦੀ ਨੇੜਤਾ ਨਸੀਬ ਨਹੀਂ ਹੁੰਦੀ । ਪਰ ਜਦੋਂ ਹਉਮੈਂ ਦੂਰ ਹੋ ਜਾਵੇ ਉਦੋਂ 'ਤੂਹੀ' 'ਤੂਹੀ' ਰਹਿ ਜਾਂਦਾ ਹੈ 'ਮੈਂ' ਖਤਮ ਹੋ ਜਾਂਦੀ ਹੈ ਅਰਥਾਤ ਜੀਵ ਪ੍ਰਭੂ ਰੂਪ ਹੋ ਨਿਬੜਦਾ ਹੈ ।

ਇਸ ਜ਼ੀਵ ਦੀ 'ਮੈਂ' ਪ੍ਰਭੂ ਦੀ 'ਤੂੰ' ਦਾ ਰੂਪ ਉਸੇ ਤਰ੍ਹਾਂ ਹੋ ਜਾਂਦੀ ਹੈ ਜਿਸ ਤਰਾਂ ਤੂਫਾਨ ਦੇ ਆਉਣ ਨਾਲ ਸਮੁੰਦਰ ਲਹਿਰਾਂ ਨਾਲ ਭਰ ਜਾਂਦਾ ਹੈ ਪਰ ਇਹ ਲਹਿਰਾਂ ਸਮੁੰਦਰ ਦੇ ਜਲ ਦਾ ਹੀ ਰੂਪ ਹੁੰਦੀਆਂ ਹਨ ।

ਹੇ ਮਾਧਵ-ਪ੍ਰਭੂ ! ਜੀਵ ਨੂੰ ਕੁਝ ਅਜਿਹਾ ਭਰਮ ਪਿਆ ਹੋਇਆ ਹੈ ਕਿ ਜਿਸ ਦਾ ਬਿਆਨ ਨਹੀਂ ਹੋ ਸਕਦਾ । ਉਹ ਜੋ ਮੰਨ ਲੈਂਦਾ ਜਾਂ ਸਮਝ ਲੈਂਦਾ ਹੈ ਉਹ ਹੁੰਦਾ ਨਹੀਂ ।

ਸਾਡੀ ਜੀਵਾਂ ਦੀ ਦਸ਼ਾ ਉਸ ਰਾਜੇ ਸਮਾਨ ਹੈ ਜਿਸ ਨੂੰ ਰਾਜ-ਸਿੰਘਾਸਨ ਤੇ ਬੈਠਿਆਂ ਬੈਠਿਆਂ ਨੀਂਦ ਆ ਜਾਵੇ ਅਤੇ ਸੁਪਨੇ ਵਿੱਚ ਉਹ ਭਿਖਾਰੀ ਬਣ ਜਾਏ, ਰਾਜ ਦੇ ਹੁੰਦਿਆਂ ਸੁੰਦਿਆਂ ਉਸ ਤੋਂ ਵਿਛੜ ਕੇ ਦੁਖਿਤ ਹੁੰਦਾ ਰਹੇ ।

ਪਹਿਲਾਂ ਰਸੀ ਸਪ ਦਾ ਭੁਲੇਖਾ ਪਾਉਂਦੀ ਸੀ ਪਰ ਹੁਣ ਰਸੀ ਦੀ ਵਿਚਾਰ ਦਾ ਭੁਲੇਖਾ ਹੈ ।

CC-0. Panini Kanya Maha Vidyalaya Collection. Digitized by eGangotri

Digitized by Arya Samaj Foundation Chennai and eGangotri

ਦੇ ਬਣੇ ਕਈ ਕੜਿਆਂ ਨੂੰ ਵੇਖ ਕੇ ਸੋਨੇ ਅਤੇ ਕੜੇ ਦੇ ਵਖੋ ਵਖਰੇ ਰੂਪ ਦਾ ਭੁਲੇਖਾ ਪੈਂਦਾ ਸੀ ਪਰ ਹੁਣ ਇਹ ਗਲ ਸਮਝ 'ਚ ਆ ਗਈ ਹੈ ਕਿ ਦੋਵੇਂ ਇਕ-ਰੂਪ ਹੀ ਹਨ ਇਸ ਲਈ ਹੁਣ ਭੇਦ ਵਾਲੀ ਗਲ ਨਹੀਂ ਆਖੀ ਜਾਂਦੀ ।

ਅਨੇਕ ਰੂਪ–ਧਾਰੀ ਮਾਲਕ ਪ੍ਰਭੂ ਸਭਨੀਂ ਥਾਈਂ ਅਤੇ ਸਭਨਾ ਜੀਵਾਂ ਦੇ ਹਿਰਦਿਆਂ ਵਿੱਚ ਇਕ–ਰੂਪ ਵਿਦਵਾਨ ਹੋ ਕੇ ਸਮਸਤ ਭੋਗਾਂ ਦਾ ਭੋਗਤਾ ਬਣਿਆਂ ਬੈਠਾ ਹੈ । ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਮੇਰੇ ਹਥ-ਤੋਂ ਵੀ ਨੇੜੇ ਹੈ, ਜੋ ਕੁਝ ਵੀ ਵਾਪਰ ਰਿਹਾ ਹੈ ਉਸ ਦੇ ਭਾਣੇ ਵਿੱਚ ਹੈ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਜੀਵ ਅਤੇ ਪਰਮਾਤਮਾ ਦੀ ਅਭੇਦ ਅਥਵਾ ਅਦਵੈਤ ਅਵਸਥਾ ਦਾ ਪ੍ਰਤਿਪਾਦਨ ਕੀਤਾ ਹੈ ।

100076

(੧੫)

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ ੧ ॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥ ੧ ॥ ਰਹਾਉ ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ ੨ ॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀਂ ਸੰਤਾਪਾ ॥ ੩ ॥
ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥ ੪॥੨॥
(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੫੮)

ਟੀਕਾ-ਵਿਆਖਿਆ : ਜੇ ਅਸੀਂ ਮੋਹ-ਮਾਇਆ ਦੇ ਜਾਲ ਵਿੱਚ ਫਸੇ ਪਏ ਹਾਂ ਤਾਂ ਤੂੰ ਸਾਡੇ ਪ੍ਰੇਮ-ਬੰਧਨ ਵਿੱਚ ਜਕੜਿਆ ਪਿਆ ਹੈਂ। ਅਸੀਂ ਤਾਂ ਤੇਰੀ ਅਰਾਧਨਾ ਅਥਵਾ ਭਗਤੀ ਦੇ ਸਦਕੇ ਇਸ ਮੋਹ-ਮਾਇਆ ਵਿੱਚੋਂ ਨਿਕਲ ਗਏ ਹਾਂ, ਹੁਣ ਤੂੰ ਆਪਣੇ ਛੁਟਣ ਦਾ ਜਤਨ ਕਰ।

ਹੇ ਮਾਧਵ-ਪ੍ਰਭੂ ! ਜਿਹੋ ਜਿਹੀ ਸਾਡੀ (ਭਗਤਾਂ ਦੀ) ਪ੍ਰੀਤ ਤੇਰੇ ਨਾਲ ਹੈ ਉਹ ਤੇਰੇ ਪਾਸੋਂ ਲੁਕੀ ਛੁਪੀ ਨਹੀਂ। ਸਾਡੀ ਅਜਿਹੀ ਪ੍ਰੀਤ ਦੀ ਹੋਂਦ ਵਿੱਚ ਤੂੰ ਕੀ ਕਰ ਲਵੇਂਗੇ।

ਸਾਡੀ ਤੇਰੇ ਪ੍ਰਤੀ ਪ੍ਰੀਤ ਮਛਲੀ ਦੀ ਪਾਣੀ ਪ੍ਰਤੀ ਪ੍ਰੀਤ ਦੇ ਸਮਾਨ ਹੈ। ਮਛਲੀ ਨੂੰ ਫੜ ਕੇ ਉਸ ਦੀ ਫਾੜੀ ਫਾੜੀ ਕਰ ਦਈਏ, ਉਸ ਦੇ ਟੋਟੇ ਟੋਟੇ ਕਰ ਦਈਏ, ਵੰਨ ਸੁਵੰਨੇ ਤਰੀਕਿਆਂ ਨਾਲ ਚਾੜ੍ਹ ਪਕਾ ਲਈਏ, ਫਿਰ ਨਿੱਕਾਂ ਨਿੱਕਾ ਕਰ ਕੇ ਉਸਨੂੰ ਖਾ ਲਈਏ ਤਾਂ ਵੀ ਉਸਨੂੰ ਪਾਣੀ ਨਹੀਂ ਭੁਲਦਾ ਅਰਥਾਤ ਖਾਣ ਪਿਛੋਂ ਜੋ ਪਾਣੀ ਦੀ ਪਿਆਸ ਲਗਦੀ ਹੈ ਉਹ ਮਛਲੀ ਅਤੇ ਪਾਣੀ ਦੇ ਸੰਬੰਧਾਂ ਦੀ ਪਰਿਚਾਇਕ ਹੈ।

ਰਾਜਾ-ਰੂਪ ਹਰੀ ਕਿਸੇ ਦੇ ਪਿਉ ਦਾ ਨਹੀਂ, ਉਹ ਤਾਂ ਪ੍ਰੇਮਾ-ਭਗਤੀ ਦਾ ਬੱਧਾ ਹੋਇਆ ਹੈ। ਸਮਸਤ ਜਗਤ ਮੋਹ-ਮਾਇਆ ਦੇ ਪਰਦੇ ਦੁਆਰਾ ਢਕਿਆ ਹੋਇਆ ਹੈ ਪਰ ਭਗਤਾਂ ਨੂੰ ਕੋਈ ਦੁਖ ਨਹੀਂ ਵਿਆਪਦਾ।

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਇਕ ਤੇਰੀ ਭਗਤਾਂ ਦੇ ਵਾਧੇ ਕਾਰਣ ਹੁਣ ਇਹ ਗਲ ਕਹਿਣ ਦੀ ਕਾਹਦੀ ਲੋੜ ਰਹਿ ਗਈ ਹੈ ਕਿ ਤੂੰ ਆਪਣੇ ਭਗਤਾਂ ਦੀ ਖਾਤਰ ਕੀ ਕੁਝ ਕਰਦਾ ਆਇਆ ਹੈਂ ਅਤੇ ਤੇਰੀ ਭਗਤੀ ਕੀਤੀ

CC-0. Panjab Digital Library. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਉਹਨਾਂ ਨੂੰ ਅਸੀਂ ਅੱਜੇ ਵੀ ਸਹਾਰ ਰਹੇ ਹਾਂ। ਅਰਥਾਤ ਭਗਤੀ ਕਾਰਣ ਦੁਖਾਂ ਦੀ ਨਿਵਿਰਤੀ ਹੋ ਗਈ ਹੈ ਇਸ ਲਈ ਇਹਨਾਂ ਦੁਖਾਂ ਦਾ ਰੋਣਾ ਕਿਸੇ ਅੱਗੇ ਰੋਣ ਦੀ ਲੋੜ ਨਹੀਂ ਰਹਿ ਗਈ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਭਗਤੀ ਦੀ ਪ੍ਰਕਿਰਤੀ ਅਤੇ ਇਸ ਦੇ ਮਹਾਤਮ ਨੂੰ ਦਰਸਾਇਆ ਹੈ।

(੧੬)

ਦੁਲਭ ਜਨਮੁ ਪੁੰਨ ਫਲ ਪਇਓ ਬਿਰਥਾ ਜਾਤ ਅਬਿਬੇਕੈ ॥
ਰਾਜੇ ਇੰਦ੍ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥
ਜਿਹ ਰਸ ਅਨਰਸ ਬੀਸਰਿ ਜਾਹੀ ॥੬॥
ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ ॥੨॥
ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥

(ਰਾਗੁ ਸੋਰਠਿ, ਸ਼ਰਦਾਰਥ, ਪੰਨਾ ੬੫੮)

ਟੀਕਾ-ਵਿਆਖਿਆ : ਮਨੁਖਾ ਜਨਮ ਦੁਰਲਭ ਹੈ ਜੋ ਪਿਛਲੇ ਕੀਤੇ ਸ਼ੁਭ ਕਰਮਾਂ ਦੇ ਫਲ ਸਰੂਪ ਪ੍ਰਾਪਤ ਹੁੰਦਾ ਹੈ ਪਰ ਅਗਿਆਨ ਵਸ ਮਨੁਖ ਇਸ ਨੂੰ ਅਜਾਈਂ ਗੰਵਾਂ ਲੈਂਦਾ ਹੈ। ਰਾਜੇ ਇੰਦਰ ਦੇ ਮਹਿਲਾਂ ਸਮਾਨ ਵਾਸ ਕਰਨ ਲਈ ਮਿਲ ਸਥਾਨ ਵੀ ਬਿਨਾ ਪ੍ਰਭੂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਦੇ ਕਿਸੇ ਕੰਮ ਦੇ ਨਹੀਂ ।

ਰਾਮ-ਰੂਪੀ ਪ੍ਰਭੂ ਦੇ ਆਨੰਦ-ਰਸ, ਜਿਸ ਦੇ ਟਾਕਰੇ ਤੇ ਹੋਰ ਸਭ ਰਸ ਫਿੱਕੇ ਹਨ ਦਾ ਅਸੀਂ ਕਦੇ ਵਿਚਾਰ ਨਹੀਂ ਕੀਤਾ ਅਰਥਾਤ ਉਸ ਨੂੰ ਮਾਣਿਆਂ ਨਹੀਂ । ਜਾਣਦੇ ਹੋਏ ਵੀ ਅਸੀਂ ਅਗਿਆਨੀ ਅਤੇ ਬਾਵਰੇ ਬਣ ਬੈਠੇ ਹਾਂ, ਚੰਗੀਆਂ ਮੰਦੀਆਂ ਸੋਚਾਂ ਵਿੱਚ ਸਾਡੇ ਦਿਨ ਬੀਤਦੇ ਜਾਂਦੇ ਹਨ । ਸਾਡੀਆਂ ਇੰਦਰੀਆਂ ਤਕੜੀਆਂ ਹੋ ਰਹੀਆਂ ਹਨ ਅਰਥਾਤ ਕਾਮ ਵਾਸ਼ਨਾ ਵਧ ਰਹੀ ਹੈ, ਵਿਵੇਕ ਬੁਧੀ ਨਿਰਬਲ ਹੁੰਦੀ ਜਾ ਰਹੀ ਹੈ, ਫਲਸਰੂਪ ਪਰਮ-ਇਛਤ ਪ੍ਰਭੂ ਵਿੱਚ ਸਾਡਾ ਪ੍ਰਵੇਸ਼ ਨਹੀਂ ਹੁੰਦਾ ਅਰਥਾਤ ਪ੍ਰਭੂ ਮਿਲਾਪ ਨਹੀਂ ਹੁੰਦਾ ।

ਅਸੀਂ ਕਹਿੰਦੇ ਕੁਝ ਹੋਰ ਹਾਂ ਅਤੇ ਕਰਦੇ ਕੁਝ ਹੋਰ ਹਾਂ । ਅਪਰ ਮਾਇਆ ਦੀ ਕੋਈ ਸਮਝ ਨਹੀਂ ਪੈਂਦੀ । ਰਵਿਦਾਸ ਜੀ ਕਹਿੰਦੇ ਹਨ ਹੇ ਪ੍ਰਭੂ ! ਤੇਰਾ ਦਾਸ ਅਜਿਹੀ ਬੁੱਧੀ ਨੂੰ ਤਿਆਗ ਰਿਹਾ ਹੈ ਇਸ ਲਈ ਗੁੱਸਾ ਛਡਕੇ ਉਸ ਦੇ ਮਨ ਤੇ ਮਿਹਰ ਕਰੋ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਮਨੁੱਖਾ ਜਨਮ ਦਾ ਮਹਾਤਮ ਦਰਸਾਇਆ ਹੈ। ਪਰ, ਉਹਨਾਂ ਅਨੁਸਾਰ, ਪ੍ਰਭੂ ਦੀ ਭਗਤੀ ਤੋਂ ਬਿਨਾ ਇਹ ਵਿਅਰਥ ਬੀਤ ਜਾਂਦਾ ਹੈ ।

(੧੭)

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧਨੁ ਬਸਿ ਜਾਕੈ ॥
ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰਤਲ ਤਾਕੈ ॥੬॥
ਹਰਿ ਹਰਿ ਹਰਿ ਨ ਜਪਹਿ ਰਸਨਾ ॥
ਅਵਰ ਸਭ ਤਿਆਗ ਬਚਨ ਰਚਨਾ ॥੧॥ ਰਹਾਉ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥

CC-0. In Public Domain. Panjab Digital Library Collection. Amritsar.

Digitized by Arya Samaj Foundation Chennai and eGangotri

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ।।
ਕਹਿ ਰਵਿਦਾਸ ਪ੍ਰਗਾਸੁ ਰਿਦੈ
ਧਰਿ ਜਨਮ ਮਰਨ ਭੈ ਭਾਗੀ ।।੩।।੪।।

(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੫੮)

ਟੀਕਾ-ਵਿਆਖਿਆ : ਸਵਰਗ ਦੇ ਰੁੱਖ (ਮੰਦਾਰ, ਪਾਰਿਜਾਤ, ਸੰਤਾਨ, ਕਲਪ ਅਤੇ ਹਰਿਚੰਦਨ ਆਦਿ ਇਹ ਪੰਜ ਸੁਅਰਗ ਦੇ ਰੁੱਖ ਕਰਕੇ ਮੰਨੇ ਜਾਂਦੇ ਹਨ), ਚਿੰਤਾਮਣੀ (ਉਹ ਮਣੀ ਜੋ ਮਨ ਦੀ ਹਰੇਕ ਇੱਛਾ ਪੂਰਨ ਦੀ ਸਮਰੱਥਾ ਰਖਦੀ ਦਸੀ ਜਾਂਦੀ ਹੈ) ਅਤੇ ਕਾਮਧਨੁ (ਮਨ ਦੀ ਹਰੇਕ ਵਾਸ਼ਨਾ ਪੂਰੀ ਕਰਨ ਵਾਲੀ ਗਾਂ ਜੋ ਸਵਰਗ ਵਿੱਚ ਰਹਿੰਦੀ ਦਸੀ ਜਾਂਦੀ ਹੈ) ਜਿਸ ਸੁਖਾਂ ਦੇ ਸਾਗਰ ਰੂਪੀ ਪ੍ਰਭੂ ਦੇ ਵਸ ਅਥਵਾ ਅਧਿਕਾਰ ਵਿੱਚ ਹਨ ਉਸੇ ਦੇ ਹਥਾਂ ਦੀਆਂ ਤਲੀਆਂ ਤੇ ਧਰੇ ਪਏ ਹਨ ਧਰਮ, ਅਰਥ, ਕਾਮ ਅਤੇ ਮੋਖ ਆਦਿ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌਂ ਨਿਧੀਆਂ ਵੀ ।

ਤੂੰ ਫਾਲਤੂ ਦੀਆਂ ਗਲਾਂ ਬਣਾਣੀਆਂ ਛਡਕੇ ਕਿਉਂ ਨਹੀਂ ਰਸਨਾ ਦੁਆਰਾ ਅਜਿਹੇ ਹਰੀ ਦਾ ਜਪ ਕਰਦਾ ।

ਅਨਿਕ ਪ੍ਰਕਾਰ ਦੇ ਪੁਰਾਣ-ਆਖਿਆਨ ਅਥਵਾ ਪ੍ਰਸੰਗ, ਵੇਦਾਂ ਦੇ ਵਿਧੀ-ਵਿਧਾਨ ਆਦਿ ਸਭ ਵਰਣਮਾਲਾ ਦੇ ਚੌਂਤੀ ਅਖਰਾਂ ਦੇ ਮੁਥਾਜ ਹਨ ਅਰਥਾਤ ਇਹ ਸਭ ਨਿਰੀ ਵਾਕ-ਰਚਨਾ ਹਨ । ਵਿਆਸ ਰਿਸ਼ੀ ਨੇ ਸੋਚ ਵਿਚਾਰ ਕੇ ਇਹੀ ਤਤ ਦਰਸਾਇਆ ਹੈ ਕਿ ਇਹ ਸਭ ਕੁਝ ਪ੍ਰਭੂ ਦੇ ਨਾਮ ਤੇ ਤੁਲ ਨਹੀਂ ਹਨ ।

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਵਿਅਕਤੀ ਦੀ ਲਿਵ ਚੰਗੇ ਭਾਗੀਂ ਪ੍ਰਭੂ ਵਿੱਚ ਲਗ ਜਾਂਦੀ ਹੈ ਉਹ ਕਲੇਸ਼ ਅਥਵਾ ਵਿਕਾਰ ਰਹਿਤ ਸਹਜ ਸਮਾਧੀ ਅਰਥਾਤ ਮੁਕਤੀ-ਪਦ ਦਾ ਧਾਰਨੀ ਹੋ ਨਿਬੜਦਾ ਹੈ । ਫਲਸਰੂਪ ਉਸ ਦਾ ਅੰਤਰ-ਆਤਮਾ ਗਿਆਨ ਦੁਆਰਾ ਪ੍ਰਕਾਸ਼ਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਜਾਂਦਾ ਹੈ ਅਤੇ ਉਸਦੇ ਜਨਮ ਮਰਣ ਦੇ ਡਰ ਦਾ ਵਿਨਾਸ਼ ਹੋ ਜਾਂਦਾ ਹੈ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਸਰਬ ਸਮਰਥ ਪ੍ਰਭੂ ਦੇ ਨਾਮ ਸਿਮਰਨ ਉਪਰ ਜ਼ੋਰ ਦਿੰਦਿਆਂ ਇਸ ਨੂੰ ਮੁਕਤੀ-ਪਦ ਦੀ ਪ੍ਰਾਪਤੀ ਦਾ ਇਕ ਮਹੱਤਵਪੂਰਣ ਸਾਧਨ ਦਰਸਾਇਆ ਹੈ ।

(੧੮)

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥
ਜਹ ਜਹ ਜਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਆਉਰੁ ਨ ਦੇਵਾ ॥੪॥
ਤੁਮਰੇ ਭਜਨ ਕਟਹਿ ਜਮ ਫਾਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥

(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੬੮-੬੬)

ਟੀਕਾ-ਵਿਆਖਿਆ : ਹੇ ਮਾਧਵ ਰੂਪ ਪ੍ਰਭੂ ! ਜੇ ਤੂੰ ਇਕ ਸੁੰਦਰ ਪਹਾੜ ਹੈਂ ਤਾਂ ਮੈਂ ਉਸ ਨੂੰ ਵੇਖ ਵੇਖ ਪੈਲਾਂ ਪਾਉਂਦਾ ਮੋਰ ਹਾਂ ਤੇ ਜੇ ਤੂੰ ਚੰਦਰਮਾਂ ਹੈਂ ਤਾਂ ਮੈਂ ਉਸ ਪ੍ਰਤੀ ਆਕਰਸ਼ਿਤ ਚਕੋਰ ਹਾਂ । ਜੇ ਤੂੰ ਪਿਆਰ ਨਾ ਤੋੜ ਤਾਂ ਮੈਂ ਤਾਂ ਕਦੀ ਵੀ ਨਹੀਂ ਤੋੜਾਂਗਾ ਕਿਉਂਕਿ

CC-0.In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੇ ਨਾਲੋਂ ਪਿਆਰ-ਸੰਬੰਧ ਤੋੜਕੇ ਮੈਂ ਹੋਰ ਕਿਸ ਨਾਲ ਪਿਆਰ-ਸੰਬੰਧ ਪਾ ਸਕਾਂਗਾ ਅਰਥਾਤ ਕਿਸੇ ਹੋਰ ਨਾਲ ਮੈਂ ਪਿਆਰ ਨਹੀਂ ਪਾ ਸਕਦਾ ।

ਜੇ ਤੂੰ ਇਕ ਸੋਹਣਾ ਜਿਹਾ ਦੀਵਾ ਹੈਂ ਤਾਂ ਮੈਂ ਉਸਦੀ ਬੱਤੀ ਹਾਂ ਤੇ ਜੇ ਤੂੰ ਤੀਰਥ ਹੈਂ ਤਾਂ ਮੈਂ ਉਸਦਾ ਯਾਤਰੀ ਹਾਂ ।

ਮੈਂ ਤੇਰੇ ਨਾਲ ਸੱਚਾ ਪਿਆਰ ਪਾਇਆ ਹੈ ਤੇ ਫਲਸਰੂਪ ਹੋਰਨਾ ਸਭਨਾਂ ਨਾਲੋਂ ਪਿਆਰ-ਸੰਬੰਧ ਤੋੜ ਲਏ ਹਨ ।

ਮੈਂ ਜਿਥੇ ਜਿਥੇ ਜਾਂਦਾ ਹਾਂ ਤੇਰੀ ਹੀ ਸੇਵਾ ਵਿਚ ਸੰਲਗਨ ਰਹਿੰਦਾ ਹਾਂ ਕਿਉਂਕਿ ਤੇਰੇ ਵਰਗਾ ਸੁਆਮੀ ਮੈਨੂੰ ਹੋਰ ਕੋਈ ਦੇਵ ਨਹੀਂ ਮਿਲਿਆ ।

ਰਵਿਦਾਸ ਜੀ ਕਹਿੰਦੇ ਹਨ ਕਿ ਤੇਰੇ ਭਜਨ ਅਥਵਾ ਭਗਤੀ ਕਾਰਣ ਜਮਾਂ ਦੀ ਫਾਹੀ ਕਟ ਜਾਂਦੀ ਹੈ ਇਸ ਲਈ ਤੇਰੀ ਭਗਤੀ ਦੀ ਪ੍ਰਾਪਤੀ ਹਿਤ ਮੈਂ ਤੇਰਾ ਗੁਣ-ਗਾਇਨ ਕਰਦਾ ਹਾਂ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਪ੍ਰੇਮਾ-ਭਗਤੀ ਦਾ ਮਹੱਤਵ ਦਰਸਾਇਆ ਹੈ । ਇਸ ਦੀ ਪ੍ਰਾਪਤੀ ਲਈ ਪ੍ਰਭੂ ਦਾ ਗੁਣ-ਗਾਇਨ ਭਾਵੇਂ ਇਕ ਸਾਧਨ ਹੈ ਪਰ ਪ੍ਰਭੂ ਦੀ ਕਿਰਪਾ ਇਸ ਤੋਂ ਵਧ ਮਹੱਤਵ ਰਖਦੀ ਹੈ ।

(੧੬)

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ।।
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ।।੧।।
ਪ੍ਰਾਨੀ ਕਿਆ ਮੇਰਾ ਕਿਆ ਤੇਰਾ ।।
ਜੈਸੇ ਤਰਵਰ ਪੰਖਿ ਬਸੇਰਾ ।।੧।। ਰਹਾਉ।।
ਰਾਖਹੁ ਕੰਧ ਉਸਾਰਹੁ ਨੀਵਾਂ ।।
ਸਾਢੇ ਤੀਨਿ ਹਾਥ ਤੇਰੀ ਸੀਵਾਂ ।।੨।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਕੇ ਬਾਲ ਪਾਗ ਸਿਰਿ ਡੇਰੀ ।।
ਇਹੁ ਤਨੁ ਹੋਇਗੋ ਭਸਮ ਕੀ ਢੇਰੀ ।।
ਊਚੇ ਮੰਦਰ ਸੁੰਦਰ ਨਾਰੀ ।।
ਰਾਮ ਨਾਮ ਬਿਨੁ ਬਾਜੀ ਹਾਰੀ ।।੪।।
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ।।
ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ ।।੫।। ।।੬।।

(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੫੯)

ਟੀਕਾ-ਵਿਆਖਿਆ : ਜੀਵਾਤਮਾ ਰੂਪੀ ਪੰਖੀ ਹੱਡ ਮਾਸ ਅਤੇ ਨਾੜੀਆਂ ਦੇ ਉਸ ਪਿੰਜਰ ਵਿੱਚ ਨਿਵਾਸ ਰਖਦਾ ਹੈ ਜਿਸ ਦੀ ਬਣਤਰ ਵਿੱਚ ਪਾਣੀ ਦੀ ਕੰਧ, ਸੁਆਸਾਂ ਰੂਪੀ ਹਵਾ ਦਾ ਥੰਮ੍ਹਾਂ ਅਤੇ ਮਾਂ ਦੇ ਰਕਤ ਅਤੇ ਪਿਉ ਦੇ ਵੀਰਜ ਰੂਪੀ ਬੂੰਦ ਦਾ ਗਾਰਾ ਲਗਿਆ ਹੋਇਆ ਹੈ।

ਜਿਸ ਤਰ੍ਹਾਂ ਦਰਖਤਾਂ ਉਪਰ ਪੰਖੀਆਂ ਦਾ ਬਸੇਰਾ ਥੋੜ੍ਹ-ਚਿਰਾ ਹੁੰਦਾ ਹੈ ਉਸੇ ਤਰ੍ਹਾਂ ਜਗਤ ਵਿੱਚ ਜੀਵਾਂ ਦਾ ਟਿਕਾਣਾ ਵੀ ਥੋੜ੍ਹ-ਚਿਰਾ ਹੈ। ਇਸ ਲਈ ਹੇ ਜੀਵ ! ਫਿਰ ਤੂੰ ਕਿਉਂ ਤੇਰ ਮੇਰ ਦੇ ਝਗੜੇ ਵਿਚ ਪੈਂਦਾ ਹੈਂ।

ਨੀਹਾਂ ਖੁਦਵਾ ਖੁਦਵਾ ਕੇ ਤੂੰ ਉਹਨਾਂ ਉਪਰ ਕੰਧਾਂ ਉਸਰਵਾਉਂਦਾ ਹੈ ਪਰ ਤੈਨੂੰ ਆਪਣੇ ਜੋਗੀ ਤਾਂ ਸਾਢੇ ਤਿੰਨ ਹਥ ਹੀ ਥਾਂ ਚਾਹੀਦੀ ਹੈ।

ਸਿਰ ਉਪਰ ਸੁੰਦਰ ਵਾਲ ਅਤੇ ਡਿੰਗੀ ਪਗੜੀ ਸਜਾਉਂਦਾ ਹੈ ਪਰ ਇਸ ਗਲ ਦਾ ਧਿਆਨ ਨਹੀਂ ਰਖਦਾ ਕਿ ਇਹ ਤਨ ਇਕ ਦਿਨ ਰਾਖ ਦੇ ਢੇਰ ਵਿੱਚ ਬਦਲ ਜਾਵੇਗਾ।

ਉਚੀਆਂ ਉਚੀਆਂ ਮਹਿਲ ਮਾੜੀਆਂ ਅਤੇ ਸੁੰਦਰ ਨਾਰੀਆਂ ਕਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖੇ ? ਪ੍ਰਭੂ ਦੇ ਨਾਮ ਤੋਂ ਵਿਹੂਣਾ ਤੂੰ ਆਪਣੇ ਜੀਵਨ ਦੀ ਬਾਜ਼ੀ ਹਾਰ ਚਲਿਆ ਹੈ ।

ਰਵਿਦਾਸ ਚਮਾਰ ਕਹਿੰਦਾ ਹੈ ਕਿ ਮੇਰੀ ਜਾਤਿ ਅਤੇ ਕੁਲ ਅਤਿ ਨੀਵੀਂ ਹੈ, ਮੇਰਾ ਜਨਮ ਵੀ ਨੀਵਾਂ ਹੈ ਪਰ ਹੇ ਰਾਜਾ ਰਾਮ ਚੰਦ ਰੂਪ ਪ੍ਰਭੂ ! ਮੈਂ ਤੇਰੀ ਸ਼ਰਣ ਆਇਆ ਹਾਂ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਕਹਿੰਦੇ ਹਨ ਕਿ ਜੀਵ, ਜਗਤ ਵਿੱਚ ਅਸਥਿਰ ਹੈ ਇਸ ਲਈ ਮੈਂ-ਮੇਰੀ ਦੇ ਝਗੜੇ ਵਿਅਰਥ ਹਨ । ਦੂਜੇ, ਪ੍ਰਭੂ ਦੀ ਸ਼ਰਣ ਗ੍ਰਹਿਣ ਲਈ ਜਾਤਿ ਪਾਤਿ ਦਾ ਵਖੇਵਾਂ ਅਰਥਹੀਣ ਹੈ ।

(੨੦)

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਆਰ ਨਹੀ ਜਿਹ ਤੋਪਉ ॥
ਨਹੀਂ ਰਾਂਬੀ ਠਾਉ ਰੋਪਉ ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥

(ਰਾਗੁ ਸੋਰਠਿ, ਸ਼ਬਦਾਰਥ, ਪੰਨਾ ੬੫੯)

ਟੀਕਾ-ਵਿਆਖਿਆ : ਮੈਂ ਗਰੀਬ ਚਮਿਆਰ ਜੁਤੀ ਗੰਢਣਾ ਨਹੀਂ ਜਾਣਦਾ ਪਰ ਲੋਕ ਫਿਰ ਵੀ ਗੰਢਵਾ ਰਹੇ ਹਨ ।

ਮੇਰੇ ਕੋਲ ਆਰ ਨਹੀਂ ਕਿ ਜਿਸ ਨਾਲ ਜੁਤੀ ਨੂੰ ਤੋਪਾ ਲਗਾ ਸਕਾਂ, ਨਾ ਹੀ ਥੌਂਬੀ ਹੈ ਕਿ ਜੁਤੀ ਨੂੰ ਟਾਕੀਆਂ ਲਗਾ ਸਕਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਗੰਢਵਾ ਗੰਢਵਾ ਕੇ ਬਹੁਤ ਖੁਆਰ ਹੋ ਰਹੇ ਹਨ ਪਰ ਮੈਂ ਬਿਨਾਂ ਗੰਢਣ ਦੇ ਹੀ ਪ੍ਰਭੂ-ਚਰਨਾਂ ਵਿੱਚ ਜਾ ਪੁੱਜਾ ਹਾਂ।

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਹੁਣ ਰਾਮ ਰੂਪੀ ਪ੍ਰਭੂ ਦਾ ਨਾਮ ਜਪਦਾ ਹਾਂ ਇਸ ਲਈ ਮੈਨੂੰ ਜਮਾਂ ਨਾਲ ਕੋਈ ਵਾਸਤਾ ਨਹੀਂ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਜਮਾਂ ਦੇ ਭੈ ਦਾ ਵਿਨਾਸ਼ਕ ਹੈ।

(੨੧)

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ।
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ ॥ ੧ ॥ ਰਹਾਉ॥
ਬਲਿ ਬਲਿ ਜਾਉ ਰਮਈਆ ਕਾਰਨੈ ॥
ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਉ ਦਰਸਨ ਦੇਖੇ ।। ੨ ॥ ੧ ॥

(ਰਾਗੁ ਧਨਾਸਰੀ, ਸ਼ਬਦਾਰਥ, ਪੰਨਾ ੬੯੪)

ਟੀਕਾ-ਵਿਆਖਿਆ : ਹੇ ਮਾਧਉ ! ਮੇਰੇ ਵਰਗਾ ਕੋਈ ਦੀਨ ਅਥਵਾ ਨਿਮਾਣਾ ਨਹੀਂ ਹੈ ਅਤੇ ਤੇਰੇ ਵਰਗਾ ਦਇਆਵਾਨ ਕੋਈ ਨਹੀਂ ਹੈ। ਇਹ ਗੱਲ ਤਾ ਸਵੈ-ਸਿਧ ਹੈ ਇਸ ਲਈ ਇਸ ਦਾ ਹੋਰ ਪਰਤਾਵਾ ਕਰਨ ਦੀ ਕੀ ਲੋੜ ਹੈ ? ਅਰਥਾਤ ਕੋਈ ਲੋੜ ਨਹੀਂ। ਤੇਰੇ ਹੀ ਬਚਨਾਂ ਵਿੱਚ ਮੇਰਾ ਮਨ ਮਾਣ ਕਰਦਾ ਹੈ ਇਸ ਲਈ ਮੇਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਸੰਲਗਨ ਰਹੇ, ਮੇਰੀ ਇਸ ਇਛਾ ਨੂੰ ਤੂੰ ਪੂਰਣਤਾ ਪ੍ਰਦਾਨ ਕਰ ।

ਹੇ ਮੇਰੇ ਸੁੰਦਰ–ਸਰੂਪ ਰਾਮ ! ਮੈਂ ਮੁੜ ਮੁੜ ਤੈਥੋਂ ਕੁਰਬਾਨ ਜਾਂਦਾ ਹਾਂ, ਸਦਕੇ ਜਾਂਦਾ ਹਾਂ ਪਰ ਤੂੰ ਦਸ ਕਿਸ ਕਾਰਣ ਮੇਰੇ ਨਾਲ ਬੋਲਦਾ ਨਹੀਂ ?

ਹੇ ਮਾਧਉ ! ਤੇਰੇ ਨਾਲੋਂ ਵਿਛੜਿਆਂ ਕਈ ਜਨਮ ਬੀਤ ਗਏ ਹਨ; ਵਰਤਮਾਨ ਜਨਮ ਹੁਣ ਤੇਰੇ ਹੀ ਲੇਖੇ ਹੈ ਅਰਥਾਤ ਤੈਨੂੰ ਹੀ ਸਮਰਪਿਤ ਹੈ । ਰਵਿਦਾਸ ਜੀ ਕਹਿੰਦੇ ਹਨ ਕਿ ਤੈਨੂੰ ਦੇਖਿਆਂ ਚਿਰ ਹੋ ਗਿਆ ਹੈ ਇਸ ਲਈ ਤੇਰੇ ਦਰਸ਼ਨਾਂ ਦੀ ਆਸ ਤੇ ਹੀ ਹੁਣ ਜੀਅ ਰਿਹਾ ਹਾਂ । ਇਸ ਲਈ ਮੇਰੀ ਆਸ ਪੁਜਾਈਂ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਆਪਣੀ ਭਗਤੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ । ਆਪਣੇ ਆਪ ਨੂੰ ਪ੍ਰਭੂ ਦੇ ਚਰਨਾਂ ਵਿੱਚ, ਉਸ ਦੇ ਦਰਸ਼ਨਾਂ ਦੀ ਆਸ ਵਿੱਚ, ਪੂਰਨ ਭਾਂਤ ਸਮਰਪਿਤ ਕਰ ਦਿੱਤਾ ਹੈ ।

(੨੨)

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ॥
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਰਿਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈਂ ਤਉ ਮੋਲਿ ਮਹਗੀ ਲਈ ਜੀਅ ਸਟੈ ॥ ੧ ॥ ਰਹਾਉ ॥
ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ
ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਜ ਰਾਖਹੁ ਰਾਜਾ ਰਾਮ ਮੇਰੀ ॥ ੨ ॥ ੨ ॥

(ਰਾਗੁ ਧਨਾਸਰੀ, ਸ਼ਬਦਾਰਥ, ਪੰਨਾ ੬੯੪)

ਟੀਕਾ–ਵਿਆਖਿਆ : ਮੇਰੀ ਇੱਛਾ ਹੈ ਕਿ ਮੈਂ ਚਿਤ ਨੂੰ ਪ੍ਰਭੂ ਦੇ ਸਿਮਰਨ ਵਿਚ ਲਗਾਵਾਂ, ਨੈਣਾਂ ਨਾਲ ਉਸ ਦੇ ਦਰਸ਼ਨ ਕਰਦਾ ਰਹਾਂ, ਕੰਨਾਂ ਵਿਚ ਉਸ ਦੇ ਸੁੰਦਰ ਜਸ ਦਾ ਗਾਇਨ ਵਸਾਈ ਰਖਾਂ, ਆਪਣੇ ਮਨ ਨੂੰ ਭੰਵਰਾ ਬਣਾਈ ਰਖਾਂ, ਪ੍ਰਭੂ ਦੇ ਚਰਨ ਕੰਵਲਾ ਨੂੰ ਆਪਣੇ ਹਿਰਦੇ ਵਿੱਚ ਟਿਕਾਈ ਰਖਾਂ ਅਤੇ ਰਸਨਾਂ ਦੁਆਰਾ ਰਾਮ ਰੂਪੀ ਪ੍ਰਭੂ ਦੇ ਅੰਮ੍ਰਿਤ-ਨਾਮ ਦਾ ਉਚਾਰਣ ਕਰਦਾ ਰਹਾਂ ।

ਗੋਬਿੰਦ ਨਾਲ ਪਾਈ ਮੇਰੀ ਪ੍ਰੀਤ ਕਦਾਚਿਤ ਨਾ ਘਟੇ ਮੈਂ ਤਾਂ ਇਹ ਬਹੁਤ ਮਹਿੰਗੇ ਮੁਲ ਲਈ ਹੈ, ਆਪਣੀ ਜਿੰਦ-ਜਾਨ ਦੇ ਬਦਲੇ ਵਿੱਚ ਵਿਹਾਝੀ ਹੈ ।

ਸਾਧ ਸੰਗਤ ਤੋਂ ਬਿਨਾਂ ਪ੍ਰੀਤ ਨਹੀਂ ਉਪਜਦੀ ਅਤੇ ਪ੍ਰੀਤ ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ । ਰਵਿਦਾਸ ਜੀ ਕਹਿੰਦੇ ਹਨ ਕਿ ਹੇ ਰਾਜਾ ਰਾਮ ਰੂਪੀ ਹਰੀ ! ਮੇਰੀ ਇਕ ਬੇਨਤੀ ਹੈ ਕਿ ਮੈਂ ਤੇਰੀ ਸ਼ਰਣ ਵਿੱਚ ਆਇਆ ਹਾਂ ਇਸ ਲਈ ਮੇਰੀ ਲਾਜ ਰਖ ਲਵੀਂ ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਦਸਿਆ ਹੈ ਕਿ ਸਾਧ ਸੰਗਤ ਦੀ ਪ੍ਰਾਪਤੀ ਤੋਂ ਬਿਨਾਂ ਪ੍ਰੇਮ ਨਹੀਂ ਉਪਜਦਾ ਅਤੇ ਪ੍ਰੇਮ ਦੀ ਅਣਹੋਂਦ ਕਾਰਣ ਪ੍ਰਭੂ ਦੀ ਭਗਤੀ ਉਜਾਗਰ ਨਹੀਂ ਹੁੰਦੀ। ਪਰ ਜਦੋਂ ਸਾਧ ਸੰਗਤ ਸਦਕਾ ਇਸ ਪ੍ਰੇਮ ਭਾਵ ਦਾ ਉਦੈ ਹੋ ਜਾਵੇ ਉਦੋਂ ਸਾਧਕ ਦੇ ਸਮਸਤ ਕਰਮ–ਇੰਦਰੇ ਅਤੇ ਗਿਆਨ-ਇੰਦਰੇ ਪ੍ਰਭੂ ਵਿੱਚ ਹੀ ਸੰਲਗਨ ਹੋ ਜਾਂਦੇ ਹਨ ।

(੨੩)

CC-0. In Public Domain. Panini Kanya Maha Vidyalaya Collection, Haridwar

Digitized by Arya Samaj Foundation Chennai and eGangotri

ਹਰਿ ਕੈ ਨਾਮ ਬਿਨੁ ਝੂਠੇ ਸਗਲ ਪਸਾਰੇ ॥ ੧ ॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰੋ ਕੇਸਰੋ ਲੈ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੈ ਨਾਮੁ ਲੇ ਤੁਝਹਿ ਕਉ ਚਾਰੇ ॥
ਨਾਮੁ ਤੇਰੋ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥ ੪ ॥ ੩ ॥

(ਰਾਗੁ ਧਨਾਸਰੀ, ਸ਼ਬਦਾਰਥ, ਪੰਨਾ ੬੯੪)

ਟੀਕਾ-ਵਿਆਖਿਆ : ਹੇ ਮੁਰ ਰਾਖ਼ਸ਼ ਨੂੰ ਮਾਰਨ ਵਾਲੇ ਭਗਵਾਨ ਕ੍ਰਿਸ਼ਨ ਰੂਪੀ ਪ੍ਰਭੂ ! ਤੇਰੇ ਨਾਮ ਦਾ ਸਿਮਰਨ ਹੀ ਮੇਰੇ ਲਈ ਤੇਰੀ ਆਰਤੀ ਹੈ, ਇਹੀ ਮੇਰਾ ਤੀਰਥ-ਇਸ਼ਨਾਨ ਹੈ ਕਿਉਂ ਕਿ ਹਰੀ ਦੇ ਨਾਮ ਤੋਂ ਬਿਨਾ ਜਗਤ ਦੇ ਸਾਰੇ ਪਸਾਰੇ ਅਥਵਾ ਸੰਸਾਰਕ ਖਿਲਾਰ ਝੂਠੇ ਅਥਵਾ ਨਾਸ਼ਮਾਨ ਹਨ, ਅਸਥਿਰ ਹਨ ।

ਤੇਰਾ ਨਾਮ ਹੀ ਮੇਰੇ ਲਈ ਆਸਨ ਹੈ ਅਥਵਾ ਪੂਜਾ-ਸਥਾਨ ਹੈ, ਤੇਰਾ ਨਾਮ ਹੀ ਉਹ ਕਿਸਮ ਹੈ ਜਿਸ ਦੇ ਰਲਾਏ ਚੰਦਨ ਘਸਾਉਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ, ਤੇਰਾ ਨਾਮ ਹੀ ਮੇਰੇ ਲਈ ਉਹ ਕੇਸਰ ਹੈ, ਪੂਜਾ ਸਮੇਂ ਜਿਸ ਦਾ ਛਿੜਕਾਵ ਕਰੀਦਾ ਹੈ। ਤੇਰਾ ਨਾਮ ਹੀ ਪਾਣੀ ਹੈ, ਤੇਰਾ ਨਾਮ ਹੀ ਚੰਦਨ ਹੈ ਜਿਸ ਨੂੰ ਘਸਾਕੇ, ਨਾਮ ਰੂਪੀ ਚੰਦਨ-ਜਾਪ ਨੂੰ ਮੈਂ ਤੇਰੀ ਭੇਟ ਚੜ੍ਹਾਉਂਦਾ ਹਾਂ।

ਤੇਰਾ ਨਾਮ ਹੀ ਦੀਵਾ ਹੈ, ਤੇਰਾ ਨਾਮ ਹੀ ਦੀਵੇ ਦੀ ਬੱਤੀ ਹੈ, ਤੇਰਾ ਨਾਮ ਹੀ ਉਹ ਤੇਲ ਹੈ ਜੋ ਮੈਂ ਦੀਵੇ ਵਿਚ ਪਾਇਆ ਹੋਇਆ ਹੈ, ਤੇਰੇ ਨਾਮ ਦੀ ਹੀ ਮੈਂ ਜੋਤਿ ਜਗਾਈ ਹੈ ਜਿਸ ਦਾ ਸਦਕਾ ਸਮਸਤ ਭਵਨ ਪ੍ਰਕਾਸ਼ਮਾਨ ਹੋ ਉਠੇ ਹਨ।

ਤੇਰੇ ਨਾਮ ਨੂੰ ਹੀ ਮੈਂ ਧਾਗਾ, ਫੁਲ ਅਤੇ ਫੁਲਾਂ ਦੀ ਮਾਲਾ ਸਭ ਕੁਝ ਬਣਾਇਆ ਹੋਇਆ ਹੈ ਕਿਉਂਕਿ ਬਨਸਪਤੀ ਦੇ ਅਠਾਰਾਂ ਭਾਰ (ਇਕ ਪੁਰਾਤਨ ਖ਼ਿਆਲ ਅਨੁਸਾਰ ਬਨਸਪਤੀ ਦੀ ਹਰੇਕ ਕਿਸਮ ਦਾ ਇਕ ਪੱਤਾ ਲੈ ਕੇ ਅਠਾਰਾਂ ਭਾਰ ਬਣਦੇ ਹਨ। ਇਕ ਭਾਰ ਪੰਜ ਮਣ ਕੱਚੇ ਦਾ ਮੰਨਿਆ ਜਾਂਦਾ ਹੈ) ਅਰਥਾਤ ਸਾਰੀ ਦੀ ਸਾਰੀ ਬਨਸਪਤੀ ਜੂਠੀ ਹੈ। ਸਮਸਤ ਪ੍ਰਕਿਰਤੀ ਤੇਰੀ ਹੀ ਪੈਦਾ ਕੀਤੀ ਹੋਈ ਹੈ; ਇਸ ਲਈ ਇਸ ਵਿਚੋਂ ਕਿਹੜੀ ਚੀਜ਼ ਤੈਨੂੰ ਅਰਪਣ ਕਰਾਂ। ਮੈਂ ਤਾਂ ਤੇਰਾ ਨਾਮ ਰੂਪੀ ਚੌਰ ਤੇਰੇ ਉਤੇ ਝੁਲਾਉਂਦਾ ਹਾਂ।

ਸਾਰੇ ਸੰਸਾਰ ਦਾ ਵਰਤਾਉ ਇਹ ਹੈ ਕਿ ਉਹ ਅਠਾਰਾਂ ਪੁਰਾਣਾਂ ਦੀਆਂ ਕਥਾਵਾਂ, ਅਠਾਰਾਂ ਤੀਰਥਾਂ ਦੇ ਇਸ਼ਨਾਨ ਅਤੇ ਚਹੁੰ ਖਾਣੀਆਂ ਦੀਆਂ ਜੂਨਾਂ ਵਿੱਚ ਸੰਲਗਨ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ ਅਤੇ ਤੇਰਾ ਸਦ-ਸਥਿਰ ਨਾਮ ਹੀ ਤੇਰਾ ਭੋਗ ਅਤੇ ਪਰਸ਼ਾਦ ਹੈ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਪ੍ਰਭੂ ਦੀ ਸੱਚੀ ਆਰਤੀ ਨੂੰ ਦਰਸਾਇਆ ਹੈ ਜਿਸ ਦਾ ਆਧਾਰ ਪ੍ਰਭੂ ਦਾ ਸਦ-ਸਥਿਰ ਨਾਮ ਹੈ, ਝੂਠੀ ਅਥਵਾ ਅਸਥਿਰ ਬਨਸਪਤੀ ਅਤੇ ਇਸ ਨਾਲ ਸੰਬੰਧਤ ਪਾਰਥਮੁਖੀ ਵਸਤੂ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੨੪)

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੇ ਹਾਥਿ ਬਿਕਾਨਉ ॥ ੧ ॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥ ੧ ॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ ੨ ॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤਾਇ ਨਿਗਮ ਭਏ ਸਾਖੀ ॥ ੩ ॥
ਗੌਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਮੀ ॥ ੪ ॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀਂ ਹਾਰਿਓ ॥ ੫ ॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥ ੬ ॥ ੧ ॥

(ਰਾਗੁ ਜੈਤਸਰੀ, ਸ਼ਬਦਾਰਥ, ਪੰਨਾ ੭੧੦)

ਟੀਕਾ-ਵਿਆਖਿਆ : ਹੇ ਮੇਰੇ ਮਾਲਕ ! ਮੈਂ ਕੁਝ ਵੀ ਨਹੀਂ ਜਾਣਦਾ ਅਰਥਾਤ ਘੋਰ ਅਗਿਆਨੀ ਹਾਂ, ਮੇਰਾ ਮਨ ਮਾਇਆ ਹਥੋਂ ਵਿਕ ਚੁਕਾ ਹੈ ।

ਤੂੰ ਜਗਤ ਦਾ ਗੁਰੂ ਅਤੇ ਸੁਆਮੀ ਕਿਹਾ ਜਾਂਦਾ ਹੈ ਪਰ ਮੈਂ ਕਲਜੁਗੀ ਕਾਮੀ-ਪੁਰਸ਼ ਹਾਂ ।

ਕਾਮਾਦਿਕ ਪੰਜਾਂ ਨੇ ਮੇਰਾ ਮਨ ਇਸ ਸੀਮਾ ਤਕ ਦੂਸ਼ਿਤ ਕਰ ਦਿੱਤਾ ਹੈ ਕਿ ਪਲ ਪਲ ਅਰਥਾਤ ਹਰ ਸਮੇਂ ਪ੍ਰਭੂ ਨਾਲ ਵਿੱਥ ਪੈਂਦੀ ਜਾਂਦੀ ਹੈ ਅਰਥਾਤ ਦੂਰੀ ਵਧਦੀ ਜਾਂਦੀ ਹੈ ।

CC-0. In Public Domain. GurukulKangri Collection, Haridwar

Digitized by Arya Samaj Foundation Chennai and eGangotri

ਜਿੱਧਰ-ਕਿੱਧਰ ਦੇਖਦਾ ਹਾਂ ਦੁਖਾਂ ਦੀ ਰਾਸ ਹੀ ਨਜ਼ਰ ਆਉਂਦੀ ਹੈ ਇਸ ਦਾ ਕਾਰਣ ਇਹ ਹੈ ਕਿ ਵੇਦ ਆਦਿਕ ਗ੍ਰੰਥਾਂ ਦੀ ਗਵਾਹੀ ਦੇ ਬਾਵਜੂਦ ਵੀ ਮਨ ਅਜੇ ਅਨਿਸ਼ਚਿਤ ਅਵਸਥਾ ਦਾ ਹੀ ਧਾਰਨੀ ਬਣਿਆ ਪਿਆ ਹੈ । ਭਾਵ ਇਹ ਕਿ ਨਿਸ਼ਚੇਹੀਨ ਜੀਵ ਲਈ ਦੁਖਾਂ ਦੀ ਹੋਂਦ ਸੁਭਾਵਕ ਹੈ ।

ਗੌਤਮ ਦੀ ਇਸਤ੍ਰੀ ਅਹਿੱਲਿਆ[1], ਉਮਾਪਤਿ ਅਰਥਾਤ ਪਾਰਬਤੀ ਦਾ ਪਤੀ ਸ਼ਿਵ, ਬ੍ਰਹਮਾਂ[2] ਅਤੇ ਹਜ਼ਾਰ ਭਗਾਂ ਦੇ ਨਿਸ਼ਾਨ ਵਾਲੇ ਇੰਦਰ ਨੂੰ ਇਹਨਾਂ ਕਾਮਾਦਿਕ ਨੇ ਹੀ ਆਪਣਾ ਸ਼ਿਕਾਰ ਬਣਾਇਆ। ਇਸੇ ਤਰ੍ਹਾਂ ਇਹਨਾਂ ਵਿਸ਼ੇ-ਵਿਕਾਰ ਰੂਪੀ ਦੁਸ਼ਟਾਂ ਨੇ ਮੇਰੇ ਮੂਰਖ ਮਨ ਨੂੰ ਬੰਨ੍ਹ-ਬੰਨ੍ਹ ਕੁਟਿਆ ਅਰਥਾਤ ਬਹੁਤ ਮਾਰ ਮਾਰੀ ਪਰ ਇਹ ਅਤਿ ਬੇਸ਼ਰਮ ਅਜੇ ਵੀ ਉਹਨਾਂ ਦੀ ਸੰਗਤ ਤੋਂ ਨਹੀਂ ਹਟਿਆ ।

ਰਵਿਦਾਸ ਜੀ ਕਹਿੰਦੇ ਹਨ ਹੋਰ ਕਿਥੇ ਜਾਈਏ ? ਤੇ ਕੀ ਕਰੀਏ ? ਰਘੁਨਾਥ-ਪ੍ਰਭੂ ਦੀ ਸ਼ਰਣ ਛਡਕੇ ਹੋਰ ਕਿਸਦੀ ਸ਼ਰਣ ਗ੍ਰਹਿਣ ਕਰੀਏ ?

---

1. ਅਹਿੱਲਿਆ ਨਾਲ ਇੰਦਰ ਨੇ ਜਦੋਂ ਵਿਭਚਾਰ ਕੀਤਾ ਤਾਂ ਗੌਤਮ ਦੇ ਸਰਾਪ ਸਦਕਾ ਉਸ ਦੇ ਸਰੀਰ ਤੇ ਹਜ਼ਾਰ ਭਗਾਂ ਦੇ ਨਿਸ਼ਾਨ ਪੈ ਗਏ ।

2. ਕਹਿੰਦੇ ਹਨ ਬ੍ਰਹਮਾ ਆਪਣੀ ਧੀ ਉਪਰ ਮੋਹਿਤ ਹੋ ਗਿਆ। ਉਹ ਜਿਧਰ ਜਾਏ ਬ੍ਰਹਮਾਂ ਉਧਰ ਹੀ ਆਪਣਾ ਮੂੰਹ ਧਾਰ ਲਵੇ। ਅੰਤ ਉਸ ਦੀ ਧੀ ਆਕਾਸ਼ ਵਲ ਨੂੰ ਉਡ ਪਈ, ਬ੍ਰਹਮਾ ਨੇ ਉਪਰ ਵਲ ਨੂੰ ਆਪਣਾ ਪੰਜਵਾਂ ਮੂੰਹ ਬਣਾ ਲਿਆ । ਸ਼ਿਵ ਜੀ ਨੇ ਕ੍ਰੋਧਿਤ ਹੋ ਕੇ ਬ੍ਰਹਮਾ ਦਾ ਇਹ ਸਿਰ ਵਢ ਸੁੱਟਿਆ ਪਰ ਬ੍ਰਹਮ-ਹੱਤਿਆ ਦੇ ਪਾਪ ਵਜੋਂ ਇਹ ਸਿਰ ਸ਼ਿਵ ਦੇ ਹਥਾਂ ਨਾਲ ਆ ਚੰਮੜਿਆ ਤੇ ਉਦੋਂ ਤੀਕ ਹਥਾਂ ਤੋਂ ਨਾ ਲੱਥਾ ਜਦ ਤੀਕ ਸ਼ਿਵ ਜੀ ਤੀਰਥਾਂ ਦਾ ਰਟਨ ਕਰਦੇ ਹੋਏ ਅੰਤ ਕਪਾਲ-ਮੋਚਨ ਨਹੀਂ ਪੁਜ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵ ਇਕ ਪਰਮਾਤਮਾ ਦੀ ਸ਼ਰਣ ਹੀ ਗ੍ਰਹਿਣ ਯੋਗ ਹੈ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋਣ ਲਈ ਪ੍ਰਭੂ ਦੀ ਸ਼ਰਣ–ਗ੍ਰਹਿਣ ਇਕ ਸਾਰਥਕ ਸਾਧਨ ਹੈ ।

(੨੫)

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆਂ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥
ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥ ੧ ॥ ਰਹਾਉ ॥
ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥
ਪੁਰਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕਲਾ ॥ ੨ ॥
ਦੁਖੀਆ ਦਰਦਵੰਦ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥ ੧ ॥

(ਰਾਗੁ ਸੂਹੀ, ਸ਼ਬਦਾਰਥ, ਪੰਨਾ ੭੯੩)

ਟੀਕਾ-ਵਿਆਖਿਆ : ਪਤੀ ਨਾਲ ਪਿਆਰ ਕਰਨ ਵਾਲੀ ਸੁਹਾਗਣ-ਇਸਤ੍ਰੀ ਹੀ ਪ੍ਰਭੂ ਦੀ ਕਦਰ ਜਾਣਦੀ ਹੈ । ਉਹ ਅਹੰਕਾਰ ਦਾ ਤਿਆਗ ਕਰਕੇ ਪਤੀ ਨਾਲ ਮਿਲਾਪ ਦਾ ਸੁਖ ਮਾਣਦੀ ਹੈ । ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣਾ ਤਨ ਮਨ ਪਤੀ ਨੂੰ ਸਮਰਪਣ ਕਰ ਦਿੰਦੀ ਹੈ ਤੇ ਇੰਜ ਆਪਣੇ ਆਪ ਅਤੇ ਪਤੀ ਵਿਚਾਲੇ ਕੋਈ ਭੇਦ-ਭਾਵ ਨਹੀਂ ਰਖਦੀ ਅਰਥਾਤ ਉਸੇ ਦਾ ਰੂਪ ਹੋ ਨਿਬੜਦੀ ਹੈ। ਨਾ ਉਹ ਕਿਸੇ ਦੂਜੇ ਵਲ ਤੱਕ ਰਖਦੀ ਹੈ ਅਤੇ ਨਾ ਹੀ ਉਸ ਦੀ ਭੈੜੀ ਮਤ ਅਥਵਾ ਪੈਰਣਾ ਵਲ ਕੰਨ ਧਰਦੀ ਹੈ।

ਜਿਸ ਦੇ ਅੰਦਰ ਪ੍ਰਭੂ-ਪਤੀ ਲਈ ਕੋਈ ਤੜਪ ਅਥਵਾ ਪੀੜਾ ਨਹੀਂ ਉਪਜੀ ਉਹ ਕਿਸੇ ਦੂਜੇ ਦੀ ਪੀੜ ਕੀ ਜਾਣੇਗੀ।

ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦੀ ਨਿਰੰਤਰ ਭਗਤੀ ਵਿੱਚ ਆਪਣਾ ਮਨ ਨਹੀਂ ਲਗਾਇਆ ਉਹ ਦੋਹਾਂ ਪੱਖਾਂ ਅਰਥਾਤ ਪੇਕਾ ਤੇ ਸੁਹਰਾ ਘਰ ਵਲੋਂ ਹੀਨ ਹੈ ਅਰਥਾਤ ਲੋਕ ਪਰਲੋਕ ਵਿਚ ਉਸ ਦੀ ਕਿਤੇ ਵੀ ਢੋਈ ਨਹੀਂ ਹੁੰਦੀ। ਫਲਸਰੂਪ ਉਹ ਸਦਾ ਦੁਖੀ ਰਹਿੰਦੀ ਹੈ।

ਪੁਰਸਲਾਤ[1] ਦਾ ਮਾਰਗ ਅਤਿ ਬਿਖੜਾ ਹੈ ਇਸ ਮਾਰਗ ਤੇ ਨਾ ਸੰਗ ਅਤੇ ਨਾ ਹੀ ਕਿਸੇ ਦਾ ਸਾਥ ਮਿਲਦਾ ਹੈ, ਜੀਵ ਨੂੰ ਇੱਕਲਿਆਂ ਹੀ ਇਹ ਮਾਰਗ ਤੈਅ ਕਰਨਾ ਪੈਂਦਾ ਹੈ।

ਹੇ ਪ੍ਰਭੂ ! ਮੈਂ ਦੁਖੀਆ ਅਤੇ ਦਰਦਵੰਦ ਤੇਰੇ ਦਰ ਤੇ ਆਇਆ ਹਾਂ, ਤੇਰੇ ਦਰਸ਼ਨਾ ਦੀ ਬਹੁਤ ਪਿਆਸ ਹੈ ਅਥਵਾ ਤੇਰੇ ਦਰਸ਼ਨਾ ਦਾ ਸੁਆਲੀ ਹਾਂ ਪਰ ਤੇਰੇ ਵਲੋਂ ਮੇਰੇ ਇਸ ਸੁਆਲ ਦਾ ਕੋਈ ਜੁਆਬ ਨਹੀਂ ਮਿਲਿਆ। ਅਰਥਾਤ ਤੇਰੇ ਦਰਸ਼ਨਾ ਤੋਂ ਵਾਂਝਿਆਂ ਰਹਿ ਗਿਆ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਤੇਰੀ ਸ਼ਰਣ ਵਿੱਚ ਆਇਆ ਹਾਂ, ਜਿਉਂ ਭਾਵੇ ਮੈਨੂੰ ਰਖ ਲੈ ਅਰਥਾਤ ਮੇਰਾ ਕਲਿਆਣ ਕਰ।

---

1. ਪੁੱਲਸਿਰਾਤ ਮੁਸਲਮਾਨੀ ਮਤ ਅਨੁਸਾਰ ਦੋਜ਼ਕ ਦੀ ਅੱਗ ਉਪਰ ਬਣਿਆ ਵਾਲਾਂ ਤੋਂ ਵੀ ਨਿੱਕਾ ਇਕ ਪੁੱਲ ਹੈ ਜਿਸ ਉਤੋਂ ਦੀ ਹਰੇਕ ਨੂੰ ਲੰਘਣਾ ਪੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜ਼ੀ ਨੇ ਸੁਹਾਗਣ ਅਤੇ ਦੁਹਾਗਣ ਦੀ ਮਿਸਾਲ ਲੈ ਕੇ ਗੁਰਮਖਾਂ-ਭਗਤਾਂ ਅਤੇ ਮਨਮੁਖਾਂ-ਅਭਗਤਾਂ ਦੇ ਆਚਰਣ ਨੂੰ ਸਪਸ਼ਟ ਕਰਦਿਆਂ ਹੋਇਆਂ ਪ੍ਰਭੂ ਦੀ ਸ਼ਰਣ-ਗ੍ਰਹਿਣ ਕਰਕੇ ਅਤੇ ਸੰਪੂਰਣ ਭਾਂਤ ਪ੍ਰਭੂ ਪ੍ਰਤੀ ਆਪਾ ਸਮਰਪਣ ਕਰਕੇ ਪ੍ਰਭੂ ਨਾਲ ਅਭੇਦ ਅਥਵਾ ਅਦਵੈਤ-ਅਵਸਥਾ ਦੀ ਪ੍ਰਾਪਤੀ ਦਾ ਮਾਰਗ ਦਰਸਾਇਆ ਹੈ ।

(੨੬)

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨ ਥਿਰੁ ਨਾਹੀ ॥
ਸੰਗ ਚਲਤ ਹੈ ਹਮ ਭੀ ਚਲਣਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥
ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮਾਰਿ ਸਵੇਰਾ ॥੨॥
ਜਨਮੁ ਸਿਰਾਨੋ ਪੰਥ ਨ ਸਵਾਰਾ ॥
ਸਾਂਝ ਪਰੀ ਦਹਦਿਸ ਅੰਧਿਆਰਾ ॥
ਕਹਿ ਰਵਿਦਾਸ ਨਿਦਾਨ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨਖਾਨੇ ॥੩॥੨॥

(ਰਾਗੁ ਸੂਹੀ, ਸ਼ਬਦਾਰਥ; ਪੰਨਾ ੭੯੩-੯੪)

CC-0. In Public Domain. Gurukul Kangri Collection, Haridwar

ਟੀਕਾ-ਵਿਆਖਿਆ : ਜੋ ਦਿਨ ਚੜ੍ਹਿਆ ਸੋ ਬੀਤ ਜਾਂਦਾ ਹੈ ।

Digitized by Arya Samaj Foundation Chennai and eGangotri

ਇਸ ਸੰਸਾਰ ਵਿਚੋਂ ਅੰਤ ਅਸਾਂ ਚਲੇ ਜਾਣਾ ਹੈ, ਇਥੇ ਸਦ-ਟਿਕਾਉ ਸੰਭਵ ਨਹੀਂ ਹੈ। ਸਾਡੇ ਸੰਗੀ-ਸਾਥੀ ਕੂਚ ਕਰਦੇ ਜਾ ਰਹੇ ਹਨ ਤੇ ਅਸੀਂ ਵੀ ਇਥੋਂ ਚਲ ਵਸਣਾ ਹੈ। ਸਾਡਾ ਸਫਰ ਬਹੁਤ ਦੂਰ ਦਾ ਹੈ ਅਤੇ ਸਿਰ ਉਪਰ ਮੌਤ ਮੰਡਲਾ ਰਹੀ ਹੈ।

ਹੇ ਅੰਞਾਣ ਜੀਵ ! ਤੂੰ ਕਿਉਂ ਅਗਿਆਨ ਦੀ ਨੀਂਦ ਸੁੱਤਾ ਪਿਆ ਹੈਂ, ਅਤੇ ਇਸ ਜੀਵਨ ਅਤੇ ਜਗਤ ਨੂੰ ਸਦ-ਸਥਿਰ ਮੰਨ ਬੈਠਾ ਹੈਂ। ਇਸ ਅਗਿਆਨ ਦੀ ਨੀਂਦ ਤੋਂ ਜਾਗ ਅਥਵਾ ਹੋਸ਼ ਵਿੱਚ ਆ ਜਾ ਅਰਥਾਤ ਇਸ ਜੀਵਨ ਤੇ ਜਗਤ ਦੀ ਵਾਸਤ-ਵਿਕਤਾ ਨੂੰ ਸਮਝ।

ਜਿਸ ਪਰਮਾਤਮਾਂ ਨੇ ਜਿੰਦ-ਜਾਨ ਦਿੱਤੀ ਹੈ ਉਹ ਇਸ ਦੇ ਪਾਲਣ-ਪੋਸਣ ਹਿਤ ਰੋਟੀ ਵੀ ਪੁਚਾਂਦਾ ਅਥਵਾ ਦਿੰਦਾ ਹੈ। ਪ੍ਰਭੂ ਸਭਨਾ ਜੀਵਾਂ ਦੇ ਅੰਦਰ ਦੀ ਹੱਟੀ ਚਲਾ ਰਿਹਾ ਹੈ ਅਰਥਾਤ ਉਸਨੇ ਹਰ ਲੋੜ ਨੂੰ ਪੂਰਾ ਕਰਨ ਲਈ ਜੀਵਾਂ ਦੇ ਅੰਦਰ ਹੀ ਪ੍ਰਬੰਧ ਕਰ ਰਖਿਆ ਹੈ। ਇਸ ਲਈ ਤੂੰ ਬਾਕੀ ਦੇ ਆਹਰ-ਪਾਹਰ ਛਡਕੇ ਪ੍ਰਭੂ ਦੀ ਭਗਤੀ ਵਿੱਚ ਸੰਲਗਨ ਹੋ ਜਾ ਅਤੇ ਮੈਂ-ਮੇਰੀ ਦੀ ਭਾਵਨਾ ਨੂੰ ਤਿਆਗ ਕੇ ਛੇਤੀ ਹੀ, ਬਿਨਾ ਹੋਰ ਵਕਤ ਜ਼ਾਇਆ ਕੀਤੇ, ਪ੍ਰਭੂ ਦੇ ਨਾਮ ਦਾ ਸਿਮਰਨ ਕਰ।

ਉਮਰਾ ਬੀਤ ਚਲੀ ਹੈ ਪਰ ਤੂੰ ਆਪਣਾ ਰਾਹ ਨਹੀਂ ਸੰਵਾਰਿਆ ਭਾਵ ਭਗਤੀ ਮਾਰਗ ਦਾ ਪਾਂਧੀ ਨਹੀਂ ਬਣਿਆਂ। ਹੁਣ ਸ਼ਾਮ ਪੈ ਰਹੀ ਹੈ, ਅਰਥਾਤ ਮੌਤ ਨੇੜੇ ਆ ਗਈ ਹੈ ਅਤੇ ਦਸਾਂ ਦਿਸ਼ਾਵਾਂ ਅਥਵਾ ਸਭ ਪਾਸੇ ਅੰਧੇਰਾ ਹੀ ਅੰਧੇਰਾ ਹੋ ਰਿਹਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਕਮਲੇ ਜੀਵ ! ਤੂੰ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ ਇਸੇ ਨੇ ਸਦਾ ਨਾਲ ਨਿਭਣਾ ਹੈ, ਇਸ ਦੁਨੀਆਂ ਅਥਵਾ ਦ੍ਰਿਸ਼ਟਮਾਨ ਜਗਤ ਨੇ ਤਾਂ ਅੰਤ ਨਾਸ਼ ਹੋ ਜਾਣਾ ਹੀ ਹੈ ਕਿਉਂ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਦੁਨੀਆਂ ਨਾਸ਼ ਦਾ ਘਰ ਹੈ ਅਥਵਾ ਨਾਸ਼ਮਾਨ ਹੈ ।

ਸਾਂਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਜਗਤ ਦੀ ਵਾਸਤਵਿਕਤਾ ਦਰਸਾਈ ਹੈ । ਵਾਸਤਵ ਵਿੱਚ ਜਗਤ ਨਾਸ਼ਮਾਨ ਅਥਵਾ ਅਸਥਿਰ ਹੈ ਪਰ ਅਗਿਆਨ-ਵਸ ਜੀਵ ਇਸ ਨੂੰ ਸਦ-ਸਥਿਰ ਸਮਝ ਬੈਠਦਾ ਹੈ। ਜਗਤ ਦੀ ਵਾਸਤਵਿਕਤਾ ਦੀ ਸੂੰਝੀ ਉਦੋਂ ਹੀ ਸੰਭਵ ਹੈ ਜਦੋਂ ਜੀਵ ਭਗਤੀ-ਮਾਰਗ ਦਾ ਪਾਂਧੀ ਬਣ ਕੇ ਗਿਆਨ ਵਾਨ ਪੁਰਸ਼ ਹੋ ਨਿਬੜਦਾ ਹੈ । ਇਸੇ ਲਈ ਰਵਿਦਾਸ ਜੀ ਨੇ ਭਗਤੀ ਮਾਰਗ ਨੂੰ ਅਪਣਾਉਣ ਦੀ ਸਿੱਖਿਆ ਦਿੱਤੀ ਹੈ ।

(੨੭)

ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥
ਭਾਈ ਬੰਧ ਕੁਟੰਬ ਸਹੈਰਾ ॥
ਓਇ ਭੀ ਲਾਗੇ ਕਾਢ ਸਵੇਰਾ ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥ ॥੩॥

(ਰਾਗੁ ਸੂਹੀ, ਸ਼ਬਦਾਰਥ, ਪੰਨਾ ੭੯੪)

ਟੀਕਾ-ਵਿਆਖਿਆ : ਉਚੇ ਉਚੇ ਮਹਿਲ ਅਤੇ ਰਸੋਈ-ਘਰ ਵੀ ਕਿਉਂ ਨਾ ਹੋਣ ਮੌਤ ਉਪ੍ਰੰਤ ਇਕ ਪਲ ਲਈ ਵੀ ਇਹਨਾਂ ਵਿੱਚ ਠਹਿਰਾਉ ਨਹੀਂ ਮਿਲਦਾ । ਇਹ ਸਰੀਰ ਘਾਹ ਦੇ ਛੱਪਰ ਸਮਾਨ

CC-0 In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਜਿਸ ਤਰ੍ਹਾਂ ਘਾਹ ਸੜ ਕੇ ਮਿੱਟੀ ਵਿੱਚ ਮਿਲ ਜਾਂਦਾ ਹੈ ਉਸੇ ਤਰ੍ਹਾਂ ਇਹ ਸਰੀਰ ਮੌਤ ਉਪ੍ਰੰਤ ਮਿਟੀ ਨਾਲ ਮਿਟੀ ਹੋ ਜਾਂਦਾ ਹੈ।

ਮੌਤ ਉਪ੍ਰੰਤ ਰਿਸ਼ਤੇਦਾਰ, ਪਰਿਵਾਰ ਦੇ ਲੋਕ ਅਤੇ ਹੋਰ ਸੰਗੀ-ਸਾਥੀ ਸਭ ਇਕੋ ਆਵਾਜ਼ ਵਿੱਚ ਪੁਕਾਰ ਉਠਦੇ ਹਨ ਕਿ ਇਸ (ਮਿਰਤਕ ਸਰੀਰ) ਨੂੰ ਛੇਤੀ ਬਾਹਰ ਲੱਢੋ।

ਘਰ ਦੀ ਅਥਵਾ ਆਪਣੀ ਇਸਤ੍ਰੀ, ਜੋ ਕਿ ਜੀਵਨ ਭਰ ਮਨੁਖ ਦੇ ਸਰੀਰ ਨਾਲ ਲਗੀ ਰਹਿੰਦੀ ਹੈ, ਵੀ ਭੂਤ ਭੂਤ ਕਹਿਕੇ ਉਠ ਨਠਦੀ ਹੈ।

ਰਵਿਦਾਸ ਜੀ ਕਹਿੰਦੇ ਹਨ ਕਿ ਸਾਰਾ ਸੰਸਾਰ ਅਗਿਆਨ ਵਸ ਲੁਟੀਚ ਰਿਹਾ ਹੈ। ਪਰ ਮੈਂ ਤਾਂ ਇਕ ਪਰਮਾਤਮਾ ਦੇ ਨਾਮ ਸਿਮਰਣ ਕਾਰਣ ਬਚ ਨਿਕਲਿਆ ਹਾਂ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਜਾਗਤਿਕ ਪਦਾਰਥਾਂ ਅਥਵਾ ਮਹਿਲ-ਮਾੜੀਆਂ ਅਤੇ ਰਸੋਈ-ਘਰਾਂ ਆਦਿ ਅਤੇ ਮਨੁਖੀ ਸਰੀਰ ਦੀ ਨਾਸ਼ਮਾਨਤਾ ਨੂੰ ਪ੍ਰਗਟ ਕੀਤਾ ਹੈ ਅਤੇ ਦਸਿਆ ਹੈ ਕਿ ਸਮਸਤ ਲੋਕਾਈ ਅਗਿਆਨ ਵਸ ਲੁਟੀਂਦੀ ਜਾ ਰਹੀ ਹੈ। ਬਚਾਓ ਉਸੇ ਦਾ ਹੈ ਜਿਸ ਨੇ ਪ੍ਰਭੂ ਦੀ ਨਾਮ ਸਿਮਰਨ ਰੂਪੀ ਭਗਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਹੈ।

(੨੮)

ਦਾਰਿਦੁ ਦੇਖ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥
ਤੂ ਜਾਨਤ ਮੈ ਕਿਛੁ ਨਹੀਂ ਭਵ ਖੰਡਨ ਰਾਮ ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥
ਜਾ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ।।
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ।।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ।।੩।।੨।।

(ਰਾਗੁ ਬਿਲਾਵਲ, ਸ਼ਬਦਾਰਥ, ਪੰਨਾ ੮੫੮)

ਟੀਕਾ-ਵਿਆਖਿਆ : ਗਰੀਬ ਦੀ ਗਰੀਬੀ ਨੂੰ ਦੇਖਕੇ ਹਰ ਕੋਈ ਉਸ ਉਪਰ ਹਸਦਾ ਹੈ, ਕੁਝ ਅਜਿਹੀ ਹੀ ਦਸ਼ਾ ਮੇਰੀ ਵੀ ਸੀ ਪਰ ਹੇ ਪ੍ਰਭੂ ! ਹੁਣ ਤੇਰੀ ਕਿਰਪਾ-ਦ੍ਰਿਸ਼ਟੀ ਸਦਕਾ ਅਠਾਰਾਂ ਸਿੱਧੀਆਂ ਮੇਰੇ ਹੱਥਾਂ ਦੀਆਂ ਤਲੀਆਂ ਉਪਰ ਹਨ ਅਰਥਾਤ ਮੇਰੇ ਵਸ ਵਿੱਚ ਹਨ ।

ਹੇ ਜੀਵਾਂ ਦੇ ਆਵਾਗਵਨ ਦਾ ਨਾਸ਼ ਕਰਨ ਵਾਲੇ ਮੇਰੇ ਰਾਮ ! ਤੈਨੂੰ ਪਤਾ ਹੈ ਕਿ ਮੈਂ ਕੁਝ ਵੀ ਨਹੀਂ ਹਾਂ ਅਰਥਾਤ ਬਹੁਤ ਹੀ ਤੁਛ ਜਿਹਾ ਵਿਅਕਤੀ ਹਾਂ । ਸਮਸਤ ਜੀਵ ਤੇਰੀ ਹੀ ਸ਼ਰਣ-ਗ੍ਰਹਿਣ ਕਰਦੇ ਹਨ ਅਤੇ ਤੂੰ ਸਭਨਾਂ ਜੀਵਾਂ ਦੀਆਂ ਕਾਮਨਾਵਾਂ ਪੂਰਨ ਵਾਲਾ ਪ੍ਰਭੂ ਹੈਂ।

ਜੋ ਜੋ ਤੇਰੀ ਸ਼ਰਣ ਵਿੱਚ ਆ ਗਿਆ ਉਸਦੇ ਮਨ ਉਤੋਂ ਹਰ ਪ੍ਰਕਾਰ ਦਾ ਬੋਝ ਉਤਰ ਗਿਆ । ਕੀ ਉਚੀ ਜਾਤਿ ਵਾਲੇ ਅਤੇ ਨੀਚ ਜਾਤਿ ਵਾਲੇ ਸਾਰੇ ਹੀ ਤੇਰੀ ਕਿਰਪਾ ਸਦਕਾ ਇਸ ਬੰਧਨ ਅਤੇ ਬਖੇੜਿਆਂ ਭਰਪੂਰ ਸੰਸਾਰ ਸਾਗਰ ਤੋਂ ਸਹਿਜੇ ਹੀ ਪਾਰ ਉਤਰ ਜਾਂਦੇ ਹਨ ।

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਤੇਰੀ ਕਥਾ ਅਕਥ-ਨੀਅ ਹੈ ਅਰਥਾਤ ਤੇਰੇ ਗੁਣਾਂ ਦਾ ਜ਼ਾਇਨ ਸੰਭਵ ਨਹੀਂ । ਇਸੇ ਲਈ ਬਹੁਤਾ ਕੁਝ ਕੀ ਅਤੇ ਕਿਉਂ ਆਖੀਏ । ਜਿਹੋ ਜਿਹਾ ਤੂੰ ਹੈਂ ਉਹੋ ਜਿਹਾ ਕੇਵਲ ਤੂੰ ਹੀ ਹੈਂ, ਅਰਥਾਤ ਤੂੰ ਅਦੁਤੀ ਹੈਂ, ਇਸ ਲਈ ਤੇਰੇ ਵਰਗਾ ਕਿਸ ਦੀ ਉਪਮਾ ਦਈਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਪ੍ਰਭੂ ਦੀ ਸ਼ਰਣ-ਗ੍ਰਹਿਣ ਕਰਨ ਅਥਵਾ ਭਗਤੀ ਲਈ ਉੱਚੀ ਨੀਵੀਂ ਜਾਤਿ ਦਾ ਕੋਈ ਭਿੰਨ-ਭੇਦ ਨਹੀਂ । ਨਾ ਹੀ ਭਗਤੀ ਦੀ ਸਾਧਨਾ ਵਿੱਚ ਗਰੀਬੀ ਅਥਵਾ ਆਰਥਕ ਮੰਦੀ ਹਾਲਤ ਕੋਈ ਵਿਘਨ ਪਾ ਸਕਦੀ ਹੈ । ਦੂਜੇ, ਪ੍ਰਭੂ ਅਕਥਨੀਅ ਅਤੇ ਅਦੁਤੀ ਹੈ ਇਸ ਲਈ ਉਸਦੇ ਕਥਨ ਲਈ ਕੋਈ ਵੀ ਉਪਮਾ ਨਹੀਂ ਦਿਤੀ ਜਾ ਸਕਦੀ ।

(੨੯)

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕ ਨਹੀਂ ਈਸੁਰੁ
ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ॥
ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥
ਪੰਡਿਤ ਸੂਰ ਛਤ੍ਰਪਤਿ ਰਾਜਾ ॥
ਭਗਤ ਬਰਾਬਰਿ ਅਉਰ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ ॥੩॥ ॥੨॥

(ਰਾਗੁ ਬਿਲਾਵਲੁ, ਸ਼ਬਦਾਰਥ, ਪੰਨਾ ੮੫੮)

ਜੀ ਸਾ ਦਿਮਾਖਿਆ ... ਵੈਸਨੌ ਸਾਧ ਅਰਥਾਤ ਵੈਸ਼ਨਵ ਭਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਪਰਮਾਤਮਾ ਦਾ ਭਗਤ ਜਿਸ ਕਿਸੇ ਕੁਲ ਵਿੱਚ ਵੀ ਹੋਵੇ, ਉਚੀ ਜਾਤ ਦਾ ਹੋਵੇ ਜਾਂ ਨੀਵੀਂ ਜਾਤ ਦਾ, ਗਰੀਬ ਹੋਵੇ ਜਾਂ ਅਮੀਰ, ਜਗਤ ਵਿੱਚ ਉਸਦੀ ਨਿਰਮਲ ਸ਼ੋਭਾ ਜਾਤ, ਜਨਮ ਜਾਂ ਧਨ-ਦੌਲਤ ਸਦਕਾ ਨਹੀਂ ਹੁੰਦੀ ਸਗੋਂ ਉਸਦੀ ਭਗਤੀ ਕਾਰਣ ਹੁੰਦੀ ਹੈ; ਭਗਤ ਹੋਣ ਦੇ ਕਾਰਣ ਹੁੰਦੀ ਹੈ ।

ਕੋਈ ਬ੍ਰਾਹਮਣ ਹੋਵੇ ਜਾਂ ਵੈਸ਼, ਸ਼ੂਦਰ ਹੋਵੇ ਜਾਂ ਖਤ੍ਰੀ, ਭੂਮ-ਮਿਰਾਸੀ ਹੋਵੇ ਜਾਂ ਮਲੇਛ ਬੁਧੀ ਦਾ ਧਾਰਣੀ ਚੰਡਾਲ ਹੋਵੇ, ਪ੍ਰਭੂ ਦੇ ਭਜਨ ਅਥਵਾ ਭਗਤੀ ਦੁਆਰਾ ਪਵਿਤਰ-ਪੁਨੀਤ ਹੋ ਨਿਬੜਦਾ ਹੈ, ਸੰਸਾਰ ਸਾਗਰ ਤੋਂ ਨਾ ਕੇਵਲ ਉਹ ਆਪ ਪਾਰ ਉਤਰਦਾ ਹੈ ਸਗੋਂ ਆਪਣੀਆਂ ਦੋਵੇਂ ਕੁਲਾਂ ਵੀ ਤਾਰ ਦਿੰਦਾ ਹੈ ।

ਸਮਸਤ ਰਸਾਂ ਨੂੰ ਤਿਆਗ ਕੇ ਅਤੇ ਵਿਸ਼ੇ-ਵਿਕਾਰਾਂ ਰੂਪੀ ਮਾਇਆ-ਬਿਖ ਨੂੰ ਆਪਣੇ ਅੰਦਰੋਂ ਨਾਸ਼ ਕਰਕੇ, ਜੋ ਪ੍ਰਭੂ ਦੇ ਨਾਮ ਰੂਪੀ ਰਸ ਵਿੱਚ ਮਗਨ ਰਹਿਕੇ, ਸਰਵ-ਸ੍ਰੇਸ਼ਠ ਰਸ ਦਾ ਸੁਆਦ ਲੈਂਦੇ ਹਨ, ਉਹ ਭਗਤ-ਜਨ ਜਿਸ ਗਰਾਂ, ਜਿਸ ਥਾਂ ਅਤੇ ਜਿਸ ਪਰਿਵਾਰ ਵਿੱਚ ਪੈਦਾ ਹੁੰਦੇ ਹਨ ਉਹ ਵੀ ਪਵਿਤਰ ਅਤੇ ਧੰਨ ਹੈ ।

ਕੀ ਪੰਡਤ-ਗਿਆਨੀ, ਕੀ ਸੂਰਮਾ ਅਤੇ ਕੀ ਛੱਤਰਪਤੀ ਰਾਜਾ, ਕੋਈ ਵੀ ਪ੍ਰਭੂ ਦੇ ਭਗਤ ਦੇ ਸਮਾਨ ਨਹੀਂ, ਕਿਉਂਕਿ, ਰਵਿਦਾਸ ਜੀ ਕਹਿੰਦੇ ਹਨ ਕਿ, ਜਿਸ ਤਰ੍ਹਾਂ ਪੁਰੈਨ ਪਾਤ ਅਥਵਾ ਪੁਰਾਇਨ (ਜਲ ਉਪਰ ਫੈਲਣ ਵਾਲੀ ਇਕ ਸਬਜ਼ੀ) ਜਲ ਦੇ ਨੇੜੇ ਰਹਿਕੇ ਹੀ ਹਰੀ ਭਰੀ ਰਹਿ ਸਕਦੀ ਹੈ, ਉਸੇ ਤਰ੍ਹਾਂ ਇਹ ਭਗਤ ਜਨ ਪ੍ਰਭੂ ਦੇ ਚਰਨਾਂ ਦੀ ਨੇੜਤਾ ਵਿੱਚ ਰਸ ਮਾਣਦੇ ਅਤੇ ਵਿਗਸਦੇ ਹਨ ਇਸੇ ਲਈ ਜਗਤ ਵਿੱਚ ਇਹਨਾਂ ਦਾ ਜੰਮਣਾ ਹੀ ਵਾਸਤਵਿਕ ਜੰਮਣਾ ਹੈ ਅਰਥਾਤ ਮੁਬਾਰਕ ਹੈ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਰਸਿਆ ਹੈ ਕਿ ਪਰਮਾਤਮਾ ਦੇ ਭਗਤਾਂ ਦੀ ਸ਼ੋਭਾ ਉਸ ਦੀ ਭਗਤੀ-ਸਾਧਨਾ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀ ਹੈ, ਜਾਤ-ਕੁਲ, ਧੰਨ-ਸੰਪਤੀ ਆਦਿ ਕਾਰਣ ਨਹੀਂ । ਦੂਜੇ, ਸਾਧਾਰਣ ਜਨ ਭਗਤਾਂ ਦੀ ਬਰਾਬਰੀ ਨਹੀਂ ਕਰ ਸਕਦੇ ਕਿਉਂਕਿ ਉਹ ਪ੍ਰਭੂ ਚਰਨਾਂ ਵਿੱਚ, ਪ੍ਰਭੂ ਦੇ ਨਾਮ ਰੂਪੀ ਸਰਵ-ਸ੍ਰੇਸ਼ਠ ਰਸ ਵਿੱਚ ਸਦ-ਮਗਨ ਰਹਿੰਦੇ ਅਤੇ ਇਸ ਦਾ ਰਸਾ-ਸੁਆਦਨ ਕਰਦੇ ਰਹਿੰਦੇ ਹਨ ।

(੩੦)

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰੁ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥
ਜੀਵਤ ਮੁਕੰਦੇ ਮਰਦ ਮੁਕੰਦੇ ॥
ਤਾਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥
ਏਕੁ ਮੁਕੰਦੁ ਕਰੈ ਉਪਕਾਰ ।
ਹਮਰਾ ਕਹਾ ਕਰੈ ਸੰਸਾਰੁ ॥
ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥
ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਫਲ ਹੂਕੀ ॥੪॥

(ਰਾਗੁ ਗੋਂਡ, ਸ਼ਬਦਾਰਥ, ਪੰਨਾ ੮੭੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੀਕਾ-ਵਿਆਖਿਆ : ਹੇ ਸੰਸਾਰ ਦੇ ਲੋਕੋ ! ਮੁਕਤੀ-ਦਾਤੇ ਪ੍ਰਭੂ ਨੂੰ ਜਪੋ ਅਥਵਾ ਉਸਦੀ ਭਗਤੀ ਕਰੋ ਕਿਉਂਕਿ ਬਿਨਾ ਉਸਦੀ ਭਗਤੀ ਦੇ ਸਰੀਰ ਵਿਅਰਥ ਹੀ ਨਾਸ ਹੋ ਜਾਵੇਗਾ । ਜੋ ਮੁਕੰਦ-ਪ੍ਰਭੂ ਮੁਕਤੀ ਦਾ ਦਾਤਾ ਹੈ ਉਹੀ ਮੇਰਾ ਮਾਤ-ਪਿਤਾ ਹੈ ।

ਪ੍ਰਭੂ ਦਾ ਜੋ ਸੇਵਕ ਅਥਵਾ ਭਗਤ ਜਿਉਂਦਿਆਂ-ਮਰਦਿਆਂ ਅਰਥਾਤ ਹਰ ਸਮੇਂ ਪ੍ਰਭੂ ਦੀ ਸੇਵਾ-ਭਗਤੀ ਵਿੱਚ ਸੰਲਗਨ ਰਹਿੰਦਾ ਹੈ ਉਹ ਸਦ-ਆਨੰਦ ਦੀ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ ।

ਪ੍ਰਭੂ ਦੀ ਭਗਤੀ ਮੇਰੇ ਜੀਵਨ ਦਾ ਆਧਾਰ ਹੈ । ਪ੍ਰਭੂ ਦਾ ਨਾਮ ਜਪਕੇ ਅਥਵਾ ਉਸਦੀ ਭਗਤੀ ਕਰਕੇ ਮੇਰੇ ਮਥੇ ਦੇ ਭਾਗ ਜਾਗ ਪਏ ਹਨ । ਜਿਸ ਪ੍ਰਭੂ ਦੀ ਸੇਵਾ ਅਥਵਾ ਭਗਤੀ ਵੈਰਾਗ ਪ੍ਰਦਾਨ ਕਰਦੀ ਹੈ ਉਸੇ ਪ੍ਰਭੂ ਦੀ ਭਗਤੀ ਰੂਪੀ ਧੰਨ ਸੰਪਤੀ ਮੈਨੂੰ ਗਰੀਬ ਨੂੰ ਪ੍ਰਾਪਤ ਹੋ ਗਈ ਹੈ ।

ਜੇ ਇਕ ਪ੍ਰਭੂ ਮੇਰੇ ਉਪਰ ਉਪਕਾਰ ਕਰੇ ਅਰਥਾਤ ਆਪਣੀ ਕਿਰਪਾ ਕਰੇ ਤਾਂ ਇਹ ਸੰਸਾਰ ਦੇ ਲੋਕ ਮੇਰਾ ਕੀ ਵਿਗਾੜ ਸਕਦੇ ਹਨ ਅਰਥਾਤ ਕੁਝ ਵੀ ਨਹੀਂ ਕਰ ਸਕਦੇ । ਹੇ ਪ੍ਰਭੂ ! ਤੇਰੀ ਭਗਤੀ ਅਤੇ ਕਿਰਪਾ ਨੇ ਮੇਰੀ ਨੀਵੀ ਜਾਤ ਵਾਲੀ ਢਹਿੰਦੀ ਕਲਾ ਮਿਟਾ ਦਿੱਤੀ ਹੈ। ਤੂੰ ਹੀ ਇਸ ਸੰਸਾਰ ਸਾਗਰ ਤੋਂ ਪਾਰ ਕਰਨ ਯੋਗ ਮੁਕਤੀ-ਪ੍ਰਦਾਤਾ ਹੈ ।

ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਨਾਮ-ਜਪ ਅਥਵਾ ਸੇਵਾ-ਭਗਤੀ ਕਰਕੇ ਮੇਰੇ ਅੰਦਰ ਗਿਆਨ ਦਾ ਉਦੈ ਹੋਇਆ ਹੈ, ਅਗਿਆਨ ਦਾ ਅੰਧੇਰਾ ਦੂਰ ਹੋਕੇ ਮੇਰਾ ਅੰਦਰਲਾ ਪ੍ਰਕਾਸ਼ਮਾਨ ਹੋ ਉਠਿਆ ਹੈ । ਪ੍ਰਭੂ ਨੇ ਆਪਣੀ ਕਿਰਪਾ ਸਦਕਾ ਮੈਨੂੰ ਨਿਮਾਣੇ ਦਾਸ ਨੂੰ ਅਪਣਾ ਲਿਆ ਹੈ, ਫਲਸਰੂਪ ਮੇਰੀ ਜਿਸਨਾ ਜਾਂਚ ਹੋ ਗਈ ਹੈ ।

CC-0. In Public Domain. Gurukul Kangri Collection, Haridwar

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਭਗਤੀ ਦੀ ਮਹਿਮਾ

Digitized by Arya Samaj Foundation Chennai and eGangotri

ਗਾਈ ਹੈ ਅਤੇ ਦਸਿਆ ਹੈ ਕਿ ਮੁਕਤੀ-ਪ੍ਰਦਾਤੇ ਪ੍ਰਭੂ ਦੀ ਸਦ-ਭਗਤੀ ਸਦ-ਆਨੰਦ ਦੀ ਪ੍ਰਦਾਤੀ ਹੈ। ਅਜਿਹੀ ਅਵਸਥਾ ਦੇ ਧਾਰਨੀ ਸਾਧਕ-ਭਗਤ ਦਾ ਹਿਰਦਾ ਗਿਆਨ ਦਆਰਾ ਪਕਾਸ਼ਮਾਨ ਹੋ ਉਠਦਾ ਹੈ, ਉਸ ਦੀਆਂ ਸਮਸਤ ਤ੍ਰਿਸ਼ਣਾਵਾਂ ਸ਼ਾਂਤ ਹੋ ਜਾਂਦੀਆਂ ਹਨ ਅਤੇ ਉਹ ਜਾਤ ਪਾਤ ਦੇ ਭੇਦਵਾਦੀ ਪ੍ਰਭਾਵਾਂ ਤੋ ਮੁਕਤ ਹੋ ਨਿਬੜਦਾ ਹੈ।

(੩੧)

ਜੇ ਓਹੁ ਅਠਸਠਿ ਤੀਰਥ ਨਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੇ ॥
ਕਰੈ ਨਿੰਦ ਸਭ ਬਿਰਥਾ ਜਾਵੇ ॥ ੧ ॥
ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥ ੧ ॥ ਰਹਾਉ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥ ੨ ॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ ੩ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥
ਨਿੰਦਾ ਕਨਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥ ੪ ॥ ੨ ॥

CC-0. In Public Domain. Gurukul Kangri Collection, Haridwar

(ਰਾਗੁ ਗਉੜ, ਸ਼ਬਦਾਰਥ, ਪੰਨਾ ੮੭੫)

Digitized by Arya Samaj Foundation Chennai and eGangotri

ਟੀਕਾ-ਵਿਆਖਿਆ : ਜੇ ਕੋਈ ਵਿਆਕਤੀ ਅਠਾਹਠ ਤੀਰਥਾਂ ਤੇ ਜਾਕੇ ਇਸ਼ਨਾਨ ਕਰ ਲਵੇ, ਜੇ ਉਹ ਬਾਰਾਂ ਸ਼ਿਵਲਿੰਗਾਂ ਦੀ ਪੂਜਾ ਕਰ ਲਵੇ, ਜੇ ਉਹ ਲੋਕ-ਭਲਾਈ ਹਿਤ ਖੂਹ-ਤਾਲਾਬ ਵੀ ਲਗਵਾਏ ਪਰ ਜੇ ਉਹ ਸਾਧਾਂ ਦੀ ਨਿੰਦਾ ਕਰਦਾ ਹੈ ਤਾਂ ਉਸ ਦੇ ਉਹ ਸਮਸਤ ਕਰਮ ਵਿਅਰਥ ਚਲੇ ਜਾਂਦੇ ਹਨ ।

ਸਾਧ ਦਾ ਨਿੰਦਕ ਕਿਵੇਂ ਤਰ ਸਕਦਾ ਹੈ ? ਭਾਵ ਉਹ ਇਸ ਭਵਸਾਗਰ ਤੋਂ ਪਾਰ ਨਹੀਂ ਉਤਰ ਸਕਦਾ ਅਥਵਾ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । ਉਹ ਤਾਂ ਹਰ ਹਾਲਤਾਂ ਵਿੱਚ ਨਰਕਾਂ ਦਾ ਹੀ ਭਾਗੀ ਬਣਦਾ ਹੈ ।

ਜੇ ਉਹ ਕੁਰੁਕਛੇਤਰ ਜਿਹੇ ਤੀਰਥ ਅਸਥਾਨਾਂ ਤੇ ਗ੍ਰਹਿਣ ਸਮੇਂ ਜਾਕੇ ਇਸ਼ਨਾਨ ਕਰੇ, ਹਾਰ-ਸ਼ਿੰਗਾਰ ਸਹਿਤ ਸਜੀ-ਸਜਾਈ ਆਪਣੀ ਇਸਤ੍ਰੀ ਨੂੰ ਦਾਨ ਵਿੱਚ ਦੇ ਦੇਵੇ, ਸਾਰੀਆਂ ਸਿਮ੍ਰਤੀਆਂ ਨੂੰ ਵੀ ਧਿਆਨ ਪੂਰਬਕ ਸੁਣੇ, ਪਰ ਜੇ ਉਹ ਸਾਧਾਂ ਦੀ ਨਿੰਦਾ ਕਰਦਾ ਹੈ ਤਾਂ ਉਸ ਦੇ ਇਹ ਕਰਮ ਕਿਸੇ ਲੇਖੇ ਨਹੀਂ ਅਰਥਾਤ ਇਹਨਾਂ ਕਰਮਾਂ ਦਾ ਕੋਈ ਗੁਣ ਨਹੀਂ ।

ਜੇ ਉਹ ਠਾਕੁਰਾਂ ਨੂੰ ਅਨਿਕ ਪ੍ਰਕਾਰੇ ਪ੍ਰਸਾਦ ਕਰਾਵੇ ਅਰਥਾਤ ਭੋਗ ਲਗਾਵੇ, ਭੂਮੀ ਦਾ ਦਾਨ ਕਰਕੇ ਜਗਤ ਵਿੱਚ ਸ਼ੋਭਾ ਪ੍ਰਾਪਤ ਕਰ ਲਵੇ, ਆਪਣਾ ਨੁਕਸਾਨ ਕਰਕੇ ਵੀ ਦੂਜਿਆਂ ਦਾ ਕੰਮ ਸੰਵਾਰੇ ਪਰ ਜੇ ਉਹ ਨਿੰਦਾ ਜਿਹੇ ਕਰਮਾਂ ਵਿੱਚ ਸੰਲਗਨ ਰਹਿੰਦਾ ਹੈ ਤਾਂ ਅਨੇਕ ਜੂਨਾਂ ਵਿੱਚ ਭਟਕਦਾ ਫਿਰਦਾ ਹੈ ।

ਹੇ ਸੰਸਾਰ ਦੇ ਲੋਕੋ ! ਤੁਸੀਂ ਸਾਧਾਂ ਦੀ ਨਿੰਦਾ ਕਿਉਂ ਕਰਦੇ ਹੋ ? ਨਿੰਦਕ ਦਾ ਪੋਲ ਖੁਲ੍ਹ ਹੀ ਜਾਂਦਾ ਹੈ । ਰਵਿਦਾਸ ਜੀ ਕਹਿੰਦੇ ਹਨ ਕਿ ਅਸੀਂ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਵੇਖ ਲਿਆ ਹੈ ਕਿ ਸਾਧ ਦਾ ਨਿੰਦਕ ਪੂਰੀ ਤਰਾਂ ਬੁਰਾ ਹੁੰਦਾ ਹੈ

CC-0. In Public Domain. Panjab Digital Library Collection, Haridwar

Digitized by Arya Samaj Foundation Chennai and eGangotri

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਨਿੰਦਾ ਜਿਹੇ ਕੁਕਰਮ ਦਾ ਖੰਡਨ ਕੀਤਾ ਹੈ ਅਤੇ ਦਸਿਆ ਹੈ ਕਿ ਨਿੰਦਕ ਲਖ ਕਰਮ ਪਿਆ ਕਰੇ ਜੇ ਉਹ ਨਿੰਦਾ ਦਾ ਤਿਆਗ ਨਹੀਂ ਕਰਦਾ ਤਾਂ ਅੰਤ ਨਰਕਾਂ ਦਾ ਭਾਗੀ ਬਣਦਾ ਹੈ ।

(੩੨)

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥ ੧ ॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ ॥ ੧ ॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥ ੨ ॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥ ੩ ੧ ॥
(ਰਾਗੁ ਰਾਮਕਲੀ, ਸ਼ਬਦਾਰਥ, ਪੰਨਾ ੯੭੩-੭੪

ਟੀਕਾ-ਵਿਆਖਿਆ : ਹਰ ਥਾਂ ਪ੍ਰਭੂ ਦਾ ਨਾਮ ਪੜ੍ਹੀਦਾ ਹੈ, ਵਿਚਾਰੀਦਾ ਹੈ ਅਤੇ ਸੁਣੀਂਦਾ ਵੀ ਹੈ ਪਰ ਗਿਆਨ ਅੜੇ ਪ੍ਰੇਮ-ਸਰੂਪ ਪਰਮਾਤਮਾ ਦਾ ਦਰਸ਼ਨ ਅਥਵਾ ਸਾਖਿਅਤ ਕਾਰ ਨਹੀਂ ਹੁੰਦਾ । ਜਦ ਤਕ ਲੋਹਾ ਪਾਰਸ ਦੀ ਛੁਹ ਨਾ ਪ੍ਰਾਪਤ ਕਰੇ ਤਦ ਤਕ ਉਹ ਕਿਵੇਂ ਸ਼ੁਧ ਸੋਨਾ ਹੋ ਨਿਬੜੇ ਅਰਥਾਤ ਉਹ ਸ਼ੁਧ ਸੋਨਾ ਉਦੋਂ ਹੀ ਬਣੇਂਗਾ ਜਦੋਂ ਪਾਰਸ-ਛੁਹ ਪ੍ਰਾਪਤ ਕਰੇਗਾ ।

ਹੇ ਪ੍ਰਭੂ ! ਜੀਵ ਦੇ ਮਨ ਵਿਚੋਂ ਸ਼ੰਕਿਆਂ ਦੀ ਗੰਢ ਨਹੀਂ ਖੁਲ੍ਹਦੀ ਕਿਉਂਕਿ ਕਾਮ, ਕ੍ਰੋਧ, ਮਾਇਆ-ਮੋਹ, ਅਹੰਕਾਰ, ਅਤੇ ਈਰਖਾ ਆਦਿ

CC-0.In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਪੰਜ ਵਿਕਾਰਾਂ ਰੂਪੀ ਡਾਕੂਆਂ ਦੁਆਰਾ ਉਹ ਲੁਟਿਆ ਜਾ ਰਿਹਾ ਹੈ।

ਸਾਡੇ ਅੰਦਰੋਂ ਕਦੀ ਵੀ ਇਸ ਬੁਧੀ ਦਾ ਨਾਸ਼ ਨਹੀਂ ਹੁੰਦਾ ਜਿਸਦੇ ਅਧੀਨ ਅਸੀਂ ਆਪਣੇ ਆਪ ਨੂੰ ਵੱਡਾ ਕਵੀ, ਉਚੀ ਕੁਲ ਦਾ ਵਿਦਵਾਨ, ਜੋਗੀ, ਸੰਨਿਆਸੀ, ਗਿਆਨੀ–ਪੁਰਸ਼, ਗੁਣੀ, ਸੂਰ-ਬੀਰ ਅਤੇ ਦਾਤਾ ਸਮਝਦੇ ਹਾਂ।

ਰਵਿਦਾਸ ਜੀ ਕਹਿੰਦੇ ਹਨ ਕਿ ਇਹ ਸਭ ਲੋਕ ਕਮਲਿਆਂ ਵਾਂਗ ਗਲਤੀਆਂ ਦੇ ਵਸ ਪਏ ਹੋਏ ਹਨ ਅਤੇ ਕੋਈ ਸਮਝ ਨਹੀਂ ਰਖਦੇ ਪਰ ਮੇਰੇ ਲਈ ਤਾਂ ਨਾਰਾਇਣ–ਪ੍ਰਭੂ ਦਾ ਨਾਮ ਹੀ ਮੇਰੇ ਜੀਵਨ ਦਾ ਆਧਾਰ ਅਰਥਾਤ ਪ੍ਰਾਣ ਹੈ ਅਤੇ ਇਹੀ ਮੇਰੀ ਧਨ–ਸੰਪਤੀ ਹੈ।

ਸ਼ਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਪ੍ਰਭੂ ਦ ਨਾਮ–ਸਿਮਰਨ ਅਥਵਾ ਭਗਤੀ ਨੂੰ ਹੀ ਜੀਵਨ ਦਾ ਆਧਾਰ ਦਰਸਾਇਆ ਹੈ ਜਿਸ ਦੁਆਰਾ ਪ੍ਰਭੂ ਦਾ ਸਾਖਿਆਤਕਾਰ ਸੰਭਵ ਹੈ।

(੩੩)

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੇ ਛਤ੍ਰ ਧਰੈ ॥੧॥ ਰਹਾਉ॥
ਜਾ ਕੀ ਛੋਤਿ ਜਪਤ ਕਉ ਲਾਗੈ ਤਾ ਪਰ ਤੁਹੀ ਢਰੈ
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ ॥੧॥
ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ ॥੨॥ ॥੧॥

(ਰਾਗੁ ਮਾਰੂ, ਸ਼ਬਦਾਰਥ, ਪੰਨਾ ੧੧੦੬)

ਟੀਕਾ-ਵਿਆਖਿਆ : ਮੇਰਾ ਮਾਲਕ–ਪ੍ਰਭੂ ਗਰੀਬਾਂ ਨੂੰ ਵੀ ਮਾਣ ਦੇਣ ਵਾਲਾ ਹੈ, ਇਥੋਂ ਤੀਕ ਕਿ ਗਰੀਬ ਦੇ ਸਿਰ ਤੇ ਛਤ੍ਰ ਵੀ ਝੁਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੰਦਾ ਹੈ ਅਰਥਾਤ ਗਰੀਬ ਨੂੰ ਵੀ ਰਾਜਾ ਬਣਾ ਦਿੰਦਾ ਹੈ। ਹੇ ਮੇਰੇ ਸੁੰਦਰ-ਸਰੂਪ ਪ੍ਰਭੂ ! ਅਜਿਹੀ ਕਰਨੀ ਤੇਰੇ ਤੋਂ ਬਿਨਾ ਹੋਰ ਕੌਣ ਕਰ ਸਕਦਾ ਹੈ ? ਅਰਥਾਤ ਕੋਈ ਵੀ ਨਹੀਂ ਕਰ ਸਕਦਾ, ਤੂੰ ਇਸ ਸੰਬੰਧ ਵਿੱਚ ਅਦੁਤੀ ਹੈਂ।

ਜਿਸ ਦੀ ਛੁਹ ਨਾਲ ਸੰਸਾਰ ਦੇ ਸਾਰੇ ਲੋਕ ਆਪਣੇ ਆਪ ਨੂੰ ਭਿੱਟਿਆ ਸਮਝ ਲੈਣ ਉਸ ਉਪਰ ਵੀ ਤੂੰ ਹੀ ਤੁਠਦਾ ਹੈਂ। ਮੇਰਾ ਅਜਿਹਾ ਪ੍ਰਭੂ ਨੀਵਿਆਂ ਨੂੰ ਵੀ ਉਚਿਆਂ ਕਰ ਦਿੰਦਾ ਹੈ ਅਤੇ ਕਿਸੇ ਪਾਸੋਂ ਵੀ ਡਰਦਾ ਨਹੀਂ।

ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ ਇਹ ਸਭ ਲੋਕ ਪ੍ਰਭੂ ਦਾ ਕਿਰਪਾ ਦੁਆਰਾ ਹੀ ਇਸ ਭਵ-ਸਾਗਰ ਤੋਂ ਪਾਰ ਉਤਰ ਗਏ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਸੰਤ ਜਨੋ। ਸੁਣੋ, ਮੇਰਾ ਪ੍ਰਭੂ ਸਭ ਕੁਝ ਸਾਰ ਲੈਂਦਾ ਹੈ ਅਰਥਾਤ ਉਹ ਸਭ ਕੁਝ ਕਰ ਸਕਣ ਦੇ ਸਮਰੱਥ ਹੈ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਪ੍ਰਭੂ ਨੂੰ ਸਰਬ-ਸਮਰੱਥ ਦਰਸਾਇਆ ਹੈ।

(੩੪)

ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਹੇ ॥
ਚਾਰਿ ਪਦਾਰਥ ਅਸਟ ਮਹਾ ਸਿਧਿ
ਨਵ ਨਿਧਿ ਕਰਤਲ ਤਾਕੈ ॥੧॥
ਹਰਿ ਹਰਿ ਹਰਿ ਨ ਜਪਸਿ ਰਸਨਾ ॥
ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗ ਲਿਵ ਲਾਗੀ॥੩॥੨॥੧॥
ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ॥੩॥੨॥
(ਰਾਗੁ ਮਾਰੂ, ਸ਼ਬਦਾਰਥ, ਪੰਨਾ ੧੧੦੬)

ਟੀਕਾ-ਵਿਆਖਿਆ : ਸੁਅਰਗ ਦੇ ਰੁਖ (ਮੰਦਾਰ, ਪਾਰਜਾਤ, ਸੰਤਾਨ, ਕਲਪ ਅਤੇ ਹਰਿਚੰਦਨ ਆਦਿ ਇਹ ਪੰਜ ਸੁਅਰਗ ਦੇ ਰੁਖ ਕਰਕੇ ਮੰਨੇ ਜਾਂਦੇ ਹਨ), ਚਿੰਤਾਮਣੀ (ਉਹ ਮਣੀ ਜੋ ਮਨ ਦੀ ਹਰੇਕ ਇੱਛਾ ਪੂਰਨ ਦੀ ਸਮਰੱਥਾ ਰਖਦੀ ਦਸ਼ੀ ਜਾਂਦੀ ਹੈ) ਅਤੇ ਕਾਮਧੇਨੁ (ਮਨ ਦੀ ਹਰੇਕ ਵਾਸ਼ਨਾ ਪੂਰੀ ਕਰਨ ਵਾਲੀ ਗਾਂ ਜੋ ਸੁਅਰਗ ਵਿੱਚ ਰਹਿੰਦੀ ਦਸੀ ਜਾਂਦੀ ਹੈ) ਆਦਿ ਜਿਸ ਸੁਖਾਂ ਦੇ ਸਾਗਰ ਰੂਪੀ ਪ੍ਰਭੂ ਦੇ ਵਸ ਅਥਵਾ ਅਧਿਕਾਰ ਵਿੱਚ ਹਨ ਉਸੇ ਦੇ ਹੱਥਾਂ ਦੀਆਂ ਤਲੀਆਂ ਉਪਰ ਧਰੇ ਪਏ ਹਨ ਪਰਮ, ਅਰਥ, ਕਾਮ ਅਤੇ ਮੋਖ਼ਸ਼ ਆਦਿ ਚਾਰ ਪਦਾਰਥ, ਅਠ ਮਹਾਨ ਸਿਧੀਆਂ ਅਤੇ ਨੌ ਨਿਧੀਆਂ ਵੀ ।

ਤੂੰ ਫਾਲਤੂ ਦੀਆਂ ਗੱਲਾਂ ਛਡਕੇ, ਕਿਉਂ ਨਹੀਂ ਰਸਨਾ ਦੁਆਰਾ ਅਜਿਹੇ ਹਰੀ ਦਾ ਜਾਪ ਕਰਦਾ ।

ਅਨਿਕ ਪ੍ਰਕਾਰ ਦੇ ਪੁਰਾਣ-ਆਖਿਆਨ ਅਥਵਾ ਪ੍ਰਸੰਗ, ਵੇਦਾਂ ਦੇ ਵਿਧੀ-ਵਿਧਾਨ ਆਦਿ ਸਭ ਵਰਣਮਾਲਾ ਦੇ ਚੌਂਤੀ ਅਖਰਾਂ ਦੇ ਮੁਥਾਜ ਹਨ ਅਰਥਾਤ ਇਹ ਸਭ ਨਿਰੀ ਵਾਕ-ਰਚਨਾ ਹਨ । ਵਿਆਸ ਰਿਸ਼ੀ ਨੇ ਸੋਚ ਵਿਚਾਰ ਕੇ ਇਹੀ ਤਤ ਦਰਸਾਇਆ ਹੈ ਕਿ ਇਹ ਸਭ ਕੁਝ ਪ੍ਰਭੂ ਦੇ ਨਾਮ ਦੇ ਤੁਲ ਨਹੀਂ ਹਨ ।

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਵਿਅਕਤੀ ਦੀ ਲਿਵ ਚੰਗੇ ਭਾਗੀਂ ਪ੍ਰਭੂ ਵਿੱਚ ਲਗ ਜਾਂਦੀ ਹੈ ਉਹ ਕਲੇਸ਼ ਅਥਵਾ ਵਿਕਾਰ ਰਹਿਤ ਸਹਿਜ-ਸਮਾਧੀ ਅਰਥਾਤ ਮੁਕਤੀ-ਪਦ ਦਾ ਧਾਰਨੀ ਹੋ ਨਿਬੜਦਾ ਹੈ। ਫਲਸਰੂਪ ਉਸਦੇ ਅੰਤਰ ਆਤਮਾ ਵਿਆਪਕ ਦੁਆਰਾ ਪ੍ਰਕਾਸ਼ਿਤ ਹੋ

CC-0. Unported Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ ਅਤੇ ਉਸਦੇ ਜਨਮ ਮਰਣ ਦੇ ਡਰ ਦਾ ਵਿਨਾਸ਼ ਹੋ ਜਾਂਦਾ ਹੈ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਸਰਬ ਸਮਰਥ ਪ੍ਰਭੂ ਦੇ ਸਿਮਰਨ ਉਪਰ ਜ਼ੋਰ ਦਿੰਦਿਆਂ ਇਸ ਨੂੰ ਮੁਕਤੀ-ਪਦ ਦੀ ਪ੍ਰਾਪਤੀ ਦਾ ਇਕ ਮਹਤਵਪੂਰਣ ਸਾਧਨ ਦਰਸਾਇਆ ਹੈ ।

(੩੫)

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥
ਰੇ ਚਿਤ ਚੇਤਿ ਚੇਤਿ ਅਚੇਤ ਕਾਹੇ ਨ ਬਾਲਮੀਕਹਿਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ ॥੧॥ ਰਹਾਉ॥
ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥
ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥
(ਰਾਗੁ ਕੇਦਾਰਾ, ਸ਼ਬਦਾਰਥ, ਪੰਨਾ ੧੧੨੪)

ਟੀਕਾ-ਵਿਆਖਿਆ : ਜੇ ਕੋਈ ਉਚੀ ਕੁਲ ਦਾ ਧਾਰਣੀ ਅਰਥਾਤ ਬ੍ਰਾਹਮਣ ਨਿਤ ਦੇ ਛੇ ਕਰਮ ਅਰਥਾਤ ਵਿਦਿਆ ਪੜ੍ਹਨੀ ਤੇ ਪੜ੍ਹਾਣੀ, ਜਗ ਕਰਨਾ ਤੇ ਕਰਾਣਾ, ਦਾਨ ਦੇਣਾ ਤੇ ਲੈਣਾ ਆਦਿ ਕਰਦਾ ਰਹੇ ਪਰ ਉਸਦੇ ਹਿਰਦੇ ਵਿੱਚ ਪ੍ਰਭੂ ਦੀ ਭਗਤੀ ਲਈ ਕੋਈ ਥਾਂ ਨਾ ਹੋਵੇ, ਨਾ ਪ੍ਰਭੂ ਦੇ ਚਰਨ-ਕਮਲਾਂ ਪ੍ਰਤੀ ਲਗਾਉ ਹੋਵੇ ਅਤੇ ਨਾ ਹੀ ਉਸ ਨੂੰ ਪ੍ਰਭੂ ਦੀ ਕਥਾ ਸੁਣਨ-ਸੁਣਾਉਣ ਨਾਲ ਪ੍ਰੇਮ ਹੋਵੇ, ਅਜਿਹਾ ਵਿਅਕਤੀ ਚੰਡਾਲ ਦੇ ਸਮਾਨ ਹੈ ।

ਹੇ ਮੇਰੇ ਅਚੇਤਮਨ ! ਤੂੰ ਸਚੇਤ ਪ੍ਰਭੂ ਦਾ ਸਿਮਰਨ ਕਰ । ਤੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਲਮੀਕ ਵਲ ਕਿਉਂ ਨਹੀਂ ਵੇਖਦਾ ? ਕਿਸ ਨੀਵੇਂ ਪਦ ਤੋਂ ਉਹ ਕਿਸ ਉੱਚੇ ਪਦ ਤੇ ਪਹੁੰਚ ਗਿਆ ? ਇਹ ਸਭ ਪ੍ਰਭੂ ਦੀ ਭਗਤੀ ਦੀ ਵਿਸ਼ੇਸ਼ਤਾ ਅਥਵਾ ਵਡਿਆਈ ਦੇ ਕਾਰਣ ਹੀ ਹੋਇਆ ।

ਬਾਲਮੀਕ ਕੁਤਿਆਂ ਦਾ ਵੈਰੀ ਸੀ, ਸਮਸਤ ਲੋਕਾਈ ਦੇ ਟਾਕਰੇ ਤੇ ਨੀਚ ਜਾਤਿ ਦਾ ਚੰਡਾਲ ਸੀ ਪਰ ਉਸ ਨੇ ਕ੍ਰਿਸ਼ਨ-ਭਗਵਾਨ ਨਾਲ ਨੇਹੁੰ ਲਾ ਲਿਆ । ਫਲਸਰੂਪ ਉਸ ਦੀ ਮਹਿਮਾ ਤਿੰਨਾਂ ਲੋਕਾਂ ਤਕ ਫੈਲ ਗਈ, ਲੋਕ ਵਿਚਾਰੇ ਉਸ ਦੀ ਕੀ ਵਡਿਆਈ ਕਰਨ ਦੇ ਯੋਗ ਹਨ ? ਅਰਥਾਤ ਉਸ ਦੀ ਕੀਰਤੀ ਦਾ ਗਾਇਨ ਕਰਨ ਦੀ ਸਮਰੱਥਾ ਨਹੀਂ ਰਖਦੇ ।

ਅਜਾਮਲ[1], ਪਿੰਗਲਾ[2], ਸ਼ਿਕਾਰੀ[3] ਅਤੇ ਹਾਥੀ[4], ਇਹ ਸਭ ਹਰੀ ਦੇ ਪਾਸ ਜਾ ਪਜੇ ਅਰਥਾਤ ਮੁਕਤੀ ਪ੍ਰਾਪਤ ਕਰ ਗਏ । ਜੇ ਅਜਿਹੀ ਦੁਰ-ਬੁਧੀ ਦੇ ਧਾਰਣੀ ਇਹ ਜੀਵ ਤਰ

---

(1) ਇਕ ਦੁਰਾਚਾਰੀ ਬ੍ਰਾਹਮਣ ਜਿਸਨੇ ਵੇਸਵਾ ਨਾਲ ਵਿਆਹ ਕੀਤਾ । ਦਸ ਪੁਤਰਾਂ ਵਿੱਚੋਂ ਸਭ ਤੋਂ ਛੋਟੇ ਦਾ ਨਾਮ, ਨਾਰਾਇਣ, ਲੈਂਦਾ ਲੈਂਦਾ ਸਚਮੁਚ ਹੀ 'ਨਾਰਾਇਣ' ਦਾ ਭਗਤ ਬਣ ਗਿਆ ।

(2) ਪਿੰਗਲਾ ਨਾਮੀ ਇਕ ਗਨਿਕਾ ਅਥਵਾ ਵੇਸਵਾ ਜਿਸਦੇ ਮਨ ਅੰਦਰ ਵੈਰਾਗ ਪੈਦਾ ਹੋ ਗਿਆ ਅਤੇ ਪ੍ਰਭੂ ਦੇ ਸਿਮਰਨ ਸਦਕਾ ਮੁਕਤੀ ਨੂੰ ਪ੍ਰਾਪਤ ਹੋਈ ।

(3) ਇਕ ਸ਼ਿਕਾਰੀ ਜਿਸ ਨੇ ਸੰਤ-ਸੇਵਾ ਸਦਕਾ ਬਹੁਤ ਸ਼ਿਕਾਰ ਪ੍ਰਾਪਤ ਕੀਤਾ ਪਰ ਸੰਤਾਂ ਦੀ ਮੰਗ ਤੇ ਸੰਖ, ਚਕ੍ਰ, ਗਦਾ ਵਾਲਾ ਸ਼ਿਕਾਰ ਅਥਵਾ ਭਗਵਾਨ ਨੂੰ ਪ੍ਰਾਪਤ ਨਾ ਕਰ ਸਕਿਆ, ਨਿਰਾਸ਼ ਹੋ ਕੇ ਮਰਨ ਲਗਾ ਤਾਂ ਕਹਿੰਦੇ ਹਨ ਭਗਵਾਨ ਪ੍ਰਗਟ ਹੋ ਗਏ ਅਤੇ ਅੰਤ ਉਸ ਨੂੰ ਮੁਕਤੀ-ਪਦ ਪ੍ਰਾਪਤ ਹੋਇਆ ।

(4) ਇਕ ਗੰਧਰਵ ਜੋ ਕਿਸੇ ਰਿਸ਼ੀ ਦੇ ਸਰਾਪ ਕਾਰਣ ਹਾਥੀ-ਰੂਪ ਹੋ ਗਿਆ । ਤੰਦੂਏ ਦੀ ਪਕੜ ਵਿੱਚ ਆਏ ਹੋਏ ਨੇ ਪ੍ਰਭੂ ਦਾ ਸਿਮਰਨ ਕੀਤਾ ਅਤੇ ਮੁਕਤੀ ਪ੍ਰਾਪਤ ਕਰ ਲਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੇ ਤਾਂ ਤੂੰ ਕਿਉਂ ਨਹੀਂ ਇਸ ਭਵ-ਸਾਗਰ ਤੋਂ ਤਰ ਸਕੇਂਗਾ। ਅਰਥਾਤ ਤੂੰ ਵੀ ਮੁਕਤੀ ਦਾ ਧਾਰਣੀ ਹੋ ਸਕਦਾ ਹੈਂ।

ਸਾਰੰਸ਼ : ਇਸ ਸ਼ਬਦ ਵਿਚ ਰਵਿਦਾਸ ਜੀ ਨੇ ਦਸਿਆ ਹੈ ਕਿ ਨਾ ਤੇ ਉੱਚੀ ਕੁਲ ਅਤੇ ਭਗਤੀ ਦਾ ਕੋਈ ਸਾਰਥਕ ਸੰਬੰਧ ਹੈ ਅਤੇ ਨਾ ਹੀ ਕਰਮ ਅਤੇ ਭਗਤੀ ਦਾ। ਉੱਚੀ ਕੁਲ ਵਾਲਾ ਕਰਮ ਕਾਂਡੀ ਭਗਤੀ ਤੋਂ ਬਿਨਾਂ ਨੀਚ - ਚੰਡਾਲ ਹੈ। ਦੂਜੇ, ਨੀਚ ਤੋਂ ਨੀਚ ਵਿਅਕਤੀ ਵੀ ਭਗਤੀ ਕਾਰਣ ਉਚਤਮ ਪਦਵੀ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ। ਇਸ ਤਰ੍ਹਾਂ ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਪ੍ਰਭੂ ਦੀ ਭਗਤੀ ਦੀ ਵਿਸ਼ੇਸ਼ਤਾ ਪ੍ਰਗਟਾ ਕੇ ਇਸ ਨੂੰ ਦ੍ਰਿੜ੍ਹਾਇਆ ਹੈ।

(੩੬)

ਬਿਨੁ ਦੇਖੇ ਉਪਜੈ ਨਹੀਂ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥੧॥
ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭ ਕੋਈ ਕਰੈ ॥
ਕਰਤਾ ਹੋਇ ਸੁ ਅਨਭੈ ਰਹੈ ॥੨॥
ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥

(ਰਾਗੁ ਭੈਰਉ, ਸ਼ਬਦਾਰਥ, ਪੰਨਾ ੧੧੬੭)

ਟੀਕਾ-ਵਿਆਖਿਆ : ਪ੍ਰਭੂ ਨੂੰ ਵੇਖੇ ਬਗੈਰ ਉਸਨੂੰ ਮਿਲਣ ਦੀ ਤਾਂਘ ਨਹੀਂ ਉਪਜਦੀ। ਪਰ ਉਹ ਦ੍ਰਿਸ਼ਟਮਾਨ ਅਥਵਾ ਦੀਸਨਹਾਰ ਨਹੀਂ ਹੈ। ਜੋ ਕੁਝ ਦ੍ਰਿਸ਼ਟਮਾਨ ਹੈ ਉਹ ਤਾਂ ਬਿਨਸਨਹਾਰ ਹੈ, ਨਾਸ਼ਮਾਨ ਹੈ। ਜੋ ਮਨੁਖ ਪ੍ਰਭੂ ਦੇ ਗੁਣ-ਗਾਇਨ ਸਹਿਤ ਉਸ ਦਾ ਨਾਮ ਜਪਦਾ ਹੈ, ਕੇਵਲ ਉਹੀ ਵਾਸਤਵਿਕ ਅਤੇ ਨਿਸ਼ਕਾਮ ਜੋਗੀ ਹੋ ਨਿਬੜਦਾ ਹੈ।

ਜੋ ਕੋਈ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ ਉਸਨੂੰ ਪ੍ਰਭੂ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਫਲਸਰੂਪ ਪ੍ਰਭੂ-ਪਾਰਸ ਦੀ ਛੁਹ ਪ੍ਰਾਪਤ ਕਰਕੇ ਉਹ ਹਰ ਪ੍ਰਕਾਰ ਦੀ ਦੁਬਿਧਾ ਅਥਵਾ ਦਵੈਤ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ।

ਅਜਿਹਾ ਮੁਨੀ ਅਥਵਾ ਰਿਸ਼ੀ ਆਪਣੇ ਮਨ ਦੀ ਦੁਬਿਧਾ ਨੂੰ ਮਿਟਾ ਕੇ ਤ੍ਰੈਲੋਕਾਂ ਵਿੱਚ ਵਿਆਪਕ ਉਸ ਪ੍ਰਭੂ ਵਿੱਚ ਸਮਾ ਜਾਂਦਾ ਹੈ ਜੋ ਦੁਆਰਿਆਂ ਅਰਥਾਤ ਦਸ ਕਰਮ ਇੰਦਰੀਆਂ ਤੋਂ ਰਹਿਤ ਹੈ।

ਹਰੇਕ ਜੀਵ ਆਪੋ ਆਪਣੇ ਮਨ ਦੇ ਸੁਭਾਉ ਅਨੁਸਾਰ ਕਰਮ ਕਰਦਾ ਹੈ ਪਰ ਕਰਤਾ ਦਾ ਰੂਪ ਹੋ ਚੁਕਾ ਜੀਵ ਤਾਂ ਨਿਰਭੈ ਅਵਸਥਾ ਅਥਵਾ ਮੁਕਤੀ ਦੀ ਅਵਸਥਾ ਵਿੱਚ ਵਿਚਰਣ ਕਰਦਾ ਹੈ।

ਸਮਸਤ ਬਨਸਪਤੀ ਫਲ ਦੀ ਖ਼ਾਤਿਰ ਹੀ ਫੁਲਦੀ ਹੈ ਅਥਵਾ ਫੁਲ ਦਿੰਦੀ ਹੈ ਪਰ ਜਦੋਂ ਫਲ ਲਗ ਜਾਵੇ ਫੁਲ ਦੂਰ ਹੋ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ ਗਿਆਨ ਦੀ ਖ਼ਾਤਿਰ ਹੀ ਸਮਸਤ ਕਰਮ-ਅਭਿਆਸ ਹੁੰਦੇ ਹਨ। ਇਸੇ ਲਈ ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਉਦੋਂ ਕਰਮ-ਕਾਂਡ ਦਾ ਨਾਸ਼ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਫਲ ਸਾਧਯ ਅਥਵਾ ਉਦੇਸ਼ ਹੈ, ਟੀਚਾ ਹੈ ਅਤੇ ਕਰਮ-ਅਭਿਆਸ ਸਾਧਨ-ਮਾਤਰ ਹੈ। ਇਸ ਲਈ ਫਲ ਅਤੇ ਗਿਆਨ ਦੀ ਪ੍ਰਾਪਤੀ ਨਾਲ ਫੁੱਲ ਅਤੇ ਕਰਮ ਦਾ ਮਹੱਤਵ ਘਟ ਜਾਂਦਾ ਹੈ।

ਸਿਆਣੀ ਇਸਤ੍ਰੀ ਘਿਉ ਦੀ ਖ਼ਾਤਿਰ ਦਹੀਂ ਰਿੜਕਦੀ ਹੈ। ਜਿਸ ਗਿਆਨੀ ਪੁਰਸ਼ ਅਥਵਾ ਨਿਸ਼ਕਾਮ ਜੋਗੀ ਦੀਆਂ ਸਮਸਤ ਵਾਸ਼ਨਾਵਾਂ ਸਦਾ ਲਈ ਸ਼ਾਂਤ ਹੋ ਜਾਂਦੀਆਂ ਹਨ ਉਹੀ ਸਦ-ਨਿਰਬਾਣ, ਜੀਵਨ-ਮੁਕਤ ਕਿਹਾ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਅਜਿਹਾ ਵਿਅਕਤੀ ਹੀ ਪਰਮ ਵੈਰਾਗੀ ਹੈ। ਹਿਰਦੇ ਵਿੱਚ ਹੀ ਪ੍ਰਭੂ ਵਿਦਮਾਨ ਹੈ ਪਰ ਅਭਾਗੇ ਜੀਵ ਉਸਦਾ ਜਾਪ ਅਥਵਾ ਭਗਤੀ ਨਹੀਂ ਕਰਦੇ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਵਾਸਤਵਿਕ ਅਤੇ ਨਿਸ਼ਕਾਮ ਜੋਗੀ ਉਹ ਹੈ ਜੋ ਪ੍ਰਭੂ ਦੇ ਸਿਮਰਨ ਦੁਆਰਾ ਉਸੇ ਦਾ ਰੂਪ ਹੋ ਗਿਆ ਹੈ, ਜਿਸ ਦੇ ਅੰਦਰੋਂ ਸਮਸਤ ਭੇਦ-ਭਾਵ ਸਮਾਪਤ ਹੋ ਗਏ ਹਨ, ਜਿਸ ਦੀਆਂ ਸਾਰੀਆਂ ਵਾਸ਼ਨਾਵਾਂ ਸ਼ਾਂਤ ਹੋ ਗਈਆਂ ਹਨ। ਅਜਿਹਾ ਵਿਅਕਤੀ ਹੀ ਪਰਮ ਵੈਰਾਗ ਦਾ ਧਾਰਣੀ ਅਤੇ ਜੀਵਨ ਮੁਕਤ ਕਿਹਾ ਜਾ ਸਕਦਾ ਹੈ।

(੩੭)

ਤੁਝਹਿ ਸੁਝੰਤਾ ਕਛੁ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥
ਤੂ ਕਾਇ ਗਰਬਹਿ ਬਾਵਲੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੈਸੇ ਭਾਦਉ ਖੂੰਬਰਾਜੁ
ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪਤਨ ਕਾ ਜੋ ਕਰੇ ਬੀਚਾਰੁ ॥
ਤਿਸ ਨਹੀ ਜਮ ਕੰਕਰੁ ਕਰੇ ਖੁਆਰੁ ॥੨॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥
ਫੇੜੇ ਕਾ ਦੁਖੁ ਸਹੈ ਜੀਉ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥

(ਰਾਗੁ ਬਸੰਤ, ਸ਼ਬਦਾਰਥ, ਪੰਨਾ ੧੧੯੬)

ਟੀਕਾ-ਵਿਆਖਿਆ : ਤੈਨੂੰ ਕੁਝ ਸੂਝ-ਬੂਝ ਨਹੀਂ ਆਪਣਾ ਪਹਿਰਾਵਾ ਅਥਵਾ ਠਾਠ ਵੇਖਕੇ ਤੂੰ ਅਹੰਕਾਰ-ਗ੍ਰਸਿਤ ਹੋ ਜਾਂਦਾ ਹੈਂ। ਅਹੰਕਾਰੀ ਮਨੁੱਖ ਦਾ ਕੋਈ ਥਾਂ ਟਿਕਾਣਾ ਨਹੀਂ ਅਥਵਾ ਉਸ ਦੀ ਕਿਤੇ ਵੀ ਢੋਈ ਨਹੀਂ। ਤੇਰੀ ਗਰਦਨ ਅਥਵਾ ਸਿਰ ਉਪਰ ਕਾਂ-ਕਾਲ ਮੰਡਲਾ ਰਿਹਾ ਹੈ।

ਤੂੰ ਕਿਉਂ ਅਹੰਕਾਰ ਵਿੱਚ ਕਮਲਾ ਹੋਇਆ ਪਿਆ ਹੈਂ। ਤੂੰ ਤਾਂ ਉਸ ਵੱਡੀ ਅਤੇ ਛੇਤੀ ਹੀ ਨਾਸ ਹੋ ਜਾਣ ਵਾਲੀ ਖੁੰਭ ਨਾਲੋਂ ਵੀ ਜਲਦੀ ਨਾਸ ਹੋ ਜਾਣ ਵਾਲਾ ਹੈਂ।

ਜਿਸ ਤਰ੍ਹਾਂ ਹਿਰਨ ਨੂੰ ਇਸ ਗੱਲ ਦਾ ਭੇਤ ਨਹੀਂ ਹੁੰਦਾ ਕਿ ਕਸਤੂਰੀ ਦੀ ਸੁਗੰਧੀ ਤਾਂ ਉਸਦੇ ਆਪਣੇ ਹੀ ਸਰੀਰ ਵਿਚੋਂ ਆਉਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਅਤੇ ਉਹ ਉਸ ਨੂੰ ਪ੍ਰਦੇਸ ਅਥਵਾ ਬਾਹਰ ਢੂੰਢਣ ਹਿਤ ਭਟਕਦਾ ਰਹਿੰਦਾ ਹੈ, ਇਸੇ ਤਰ੍ਹਾਂ ਤੈਨੂੰ ਵੀ ਆਪਣੇ ਅੰਦਰ ਦੀ ਸੂਝ ਨਹੀਂ। ਆਪਣੇ ਅੰਦਰ ਵਸਦੇ ਪ੍ਰਭੂ ਦਾ ਜੋ ਵਿਚਾਰ ਕਰਦਾ ਹੈ ਉਸ ਨੂੰ ਜਮਦੂਤ ਖੱਜਲ-ਖੁਆਰ ਨਹੀਂ ਕਰ ਸਕਦੇ।

ਤੂੰ ਪੁੱਤਰ ਅਤੇ ਇਸਤ੍ਰੀ ਦਾ ਅਹੰਕਾਰ ਕਰਦਾ ਹੈਂ, ਮਾਲਕ-ਪ੍ਰਭੂ ਨੇ ਤੇਰੇ ਤੋਂ ਤੇਰੇ ਕੀਤੇ ਕਰਮਾਂ ਦਾ ਲੇਖਾ ਮੰਗ ਲੈਣਾ ਹੈ। ਜੀਵ ਆਪਣੇ ਕੀਤੇ ਹੋਏ ਮੰਦ-ਕਰਮਾਂ ਕਰਕੇ ਹੀ ਦੁਖ ਸਹਿੰਦਾ ਹੈ। ਜੀਵਾਤਮਾ ਦੇ ਦੇਹ ਵਿੱਚੋਂ ਨਿਕਲ ਜਾਣ ਤੇ ਤੂੰ ਕਿਸ ਨੂੰ ਪ੍ਰਿਅ ਕਹਿਕੇ ਪੁਕਾਰੇਂਗਾ ? ਅਰਥਾਤ ਕਿਸੇ ਨੂੰ ਵੀ ਆਪਣਾ ਪਿਆਰਾ ਨਹੀਂ ਕਹਿ ਸਕੇਂਗਾ।

ਜੇ ਤੂੰ ਸਾਧੂ ਅਥਵਾ ਗੁਰੂ ਦੀ ਓਟ ਲੈ ਲਵੇਂ ਤਾਂ ਤੇਰੇ ਕਰੋੜਾਂ ਕੀਤੇ ਹੋਏ ਪਾਪ ਅਰਥਾਤ ਸਾਰੇ ਦੇ ਸਾਰੇ ਹੀ ਮਿਟ ਜਾਣਗੇ। ਰਵਿਦਾਸ ਜੀ ਕਹਿੰਦੇ ਹਨ ਕਿ ਜੋ ਪ੍ਰਭੂ ਦਾ ਨਾਮ ਜਪਦਾ ਹੈ ਉਸ ਦੀ ਨੀਵੀਂ ਜਾਤਿ ਮਿਟ ਜਾਂਦੀ ਹੈ, ਉਸ ਦੇ ਜਨਮ-ਮਰਣ ਦਾ ਗੇੜ ਮੁਕ ਜਾਂਦਾ ਹੈ ਅਤੇ ਅਨੇਕ ਜੂਨਾਂ ਨਾਲ ਉਸ ਦਾ ਕੋਈ ਵਾਸਤਾ ਨਹੀਂ ਰਹਿੰਦਾ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਮਨੁੱਖ ਨੂੰ ਅਨਿਕ ਪ੍ਰਕਾਰ ਅਹੰਕਾਰ ਦਾ ਤਿਆਗ ਕਰਕੇ ਆਪਣੇ ਅੰਦਰ ਦੀ ਵਸਤ ਅਰਥਾਤ ਪ੍ਰਭੂ ਨੂੰ ਪਛਾਣਨ ਅਤੇ ਉਸਦਾ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ ਜਿਸ ਨਾਲ ਜਨਮ-ਮਰਣ ਦਾ ਗੇੜ ਮੁਕ ਜਾਂਦਾ ਹੈ।

(੩੮)

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ।।
ਰਿਦੈ ਰਾਮ ਗੋਬਿੰਦ ਗੁਨ ਸਾਰੰ ।।੧।। ਰਹਾਉ।।
ਸੁਰਸਰੀ ਸਲਾ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਾ ਅਪਵਿਤ੍ਰ ਨਤ ਆਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ ॥੨॥
ਮੇਰੀ ਜਤਿ ਕੁਟਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

ਟੀਕਾ-ਵਿਆਖਿਆ : ਹੇ ਨਗਰ ਦੇ ਲੋਕੋ ! ਮੇਰੀ ਜਾਤਿ ਚਮਾਰ ਕਰਕੇ ਪ੍ਰਸਿਧ ਹੈ । ਪਰ ਮੈਂ ਆਪਣੇ ਹਿਰਦੇ ਵਿੱਚ ਰਾਮ, ਗੋਬਿੰਦ ਅਰਥਾਤ ਭਗਵਾਨ ਦੇ ਗੁਣਾ ਦਾ ਸਿਮਰਣ ਕਰਦਾ ਹਾਂ ।

ਜੇਕਰ ਗੰਗਾ ਦੇ ਜਲ ਨਾਲ ਵੀ ਸ਼ਰਾਬ ਬਣੀ ਹੋਵੇ ਤਾਂ ਵੀ ਸੰਤ ਜਨ ਉਸ ਦਾ ਸੇਵਨ ਨਹੀਂ ਕਰਦੇ । ਅਪਵਿਤਰ ਸ਼ਰਾਬ ਕੀ ਹੋਰ ਵੀ ਅਨੇਕ ਗੰਧਲੇ ਜਲ ਗੰਗਾ ਵਿੱਚ ਮਿਲ ਕੇ ਗੰਗਾ-ਰੂਪ ਹੀ ਹੋ ਨਿਬੜਦੇ ਹਨ, ਉਸ ਤੋਂ ਵਖਰੇ ਕੁਝ ਹੋਰ ਨਹੀਂ ਰਹਿ ਜਾਂਦੇ । ਇੰਜ ਹੀ ਮੈਂ ਪ੍ਰਭੂ ਦਾ ਗੁਣ-ਗਾਇਣ ਕਰਦਾ ਉਸ ਦਾ ਰੂਪ ਹੋ ਗਿਆ ਹਾਂ ।

ਤਾੜੀ ਦੇ ਦਰਖਤਾਂ ਨੂੰ ਅਪਵਿਤਰ ਕਰਕੇ ਜਾਣਿਆਂ ਜਾਂਦਾ ਹੈ । ਇਹਨਾਂ ਦਰਖਤਾਂ ਤੋਂ ਬਣੇ ਕਾਗਜ਼ਾਂ ਬਾਰੇ ਵੀ ਲੋਕ ਅਜਿਹਾ ਹੀ ਵਿਚਾਰ ਰਖਦੇ ਹਨ ਅਥਵਾ ਉਹਨਾਂ ਨੂੰ ਵੀ ਅਪਵਿਤਰ ਹੀ ਸਮਝਦੇ ਹਨ ਪਰ ਜਦੋਂ ਭਗਵਤ ਭਗਤੀ ਉਹਨਾਂ ਉਪਰ ਲਿਖੀ ਜਾਂਦੀ ਹੈ ਤਾਂ ਲੋਕ ਉਹਨਾਂ ਨੂੰ ਨਮਸਕਾਰ ਕਰਕੇ ਪੂਜਦੇ ਹਨ ।

CC-0 In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਜਾਤੀ ਦੇ ਚਮ-ਕੁਟ ਲੋਕ ਨਿਤ ਬਨਾਰਸ ਦੇ ਆਸ ਪਾਸ ਮੋਏ ਹੋਏ ਪਸ਼ ਢੋਂਦੇ ਫਿਰਦੇ ਹਨ ਪਰ ਕਿਉਂਕਿ ਮੈਂ, ਰਵਿਦਾਸ, ਤੇਰੇ ਨਾਮ ਦੀ ਸ਼ਰਣ ਵਿੱਚ ਆ ਕੇ ਤੇਰਾ ਦਾਸ ਬਣ ਚੁੱਕਾ ਹਾਂ ਇਸ ਲਈ ਹੁਣ ਵਡੇ ਵਡੇ ਬ੍ਰਾਹਮਣ ਵੀ ਮੈਨੂੰ ਡੰਡਵਤ-ਪ੍ਰਣਾਮ ਕਰ ਦੇ ਹਨ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਪ੍ਰਭੂ ਭਗਤੀ ਨੀਵੀਂ ਜਾਤ ਵਾਲੇ ਨੂੰ ਇੰਨੀ ਉੱਚੀ ਪਦਵੀ ਤੇ ਪੁਚਾ ਦਿੰਦੀ ਹੈ ਕਿ ਉਚ ਕੁਲ ਦੇ ਧਾਰਣੀ ਉਸ ਦੇ ਚਰਣਾਂ ਵਿੱਚ ਆਣ ਡਿਗਦੇ ਹਨ।

(੩੯)

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ । ੧ ।
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥ ੧ ॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ
ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥ ੨ ॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ
ਫਿਰਹਿ ਅਜਹ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥ ੩ ॥ ੨ ॥

(ਰਾਗੁ ਮਲਾਰ, ਸ਼ਬਦਾਰਥ, ਪੰਨਾ, ੧੨੬੩)

ਟੀਕਾ-ਵਿਆਖਿਆ : ਜੋ ਮਨੁੱਖ ਹਰੀ ਦਾ ਜਾਪ ਅਥਵਾ ਭਗਤੀ ਕਰਦੇ ਹਨ ਉਹਨਾਂ ਦੀ ਦ੍ਰਿਸ਼ਟੀ ਵਿੱਚ ਕਮੱਲਾ ਅੱਥਵਾ ਮਾਇਆ–ਪਤੀ–ਪਰਮੇਸਰ ਦੇ ਚਰਨ ਕੰਵਲਾਂ ਦੇ ਸਮਾਨ ਹੋਰ ਕੋਈ ਨਹੀਂ ਟਿਕਦਾ ਅਰਥਾਤ ਉਹ ਪਰਮੇਸਰ ਦੀ ਸ਼ਰੰਣ–ਗ੍ਰਹਿਣ ਤੋਂ ਛੁਟ ਹੋਰ ਕਿਸੇ ਵਲ ਤਕਦੇ ਵੀ ਨਹੀਂ । ਫਲ ਸਰੂਪ ਉਹਨਾਂ ਨੂੰ ਅਜਿਹਾ ਪਰਮੇਸ਼ਰ ਇਕ ਤੋਂ ਅਨੇਕ ਰੂਪਾਂ ਵਿੱਚ ਵਿਸਤ੍ਰਿਤ ਅਥਵਾ ਪਸਰਿਆ ਹੋਇਆ ਅਤੇ ਘਟ ਘਟ ਵਿੱਚ ਵਿਦਮਾਨ ਦ੍ਰਿਸ਼ਟੀਗਤ ਹੁੰਦਾ ਹੈ।

ਜਿਸ ਨਾਮਦੇਵ ਦੇ ਘਰ ਕੇਵਲ ਭਗਵਤ-ਗੁਣ ਹੀ ਲਿਖੀਦੇ ਹਨ ਅਤੇ ਇਸ ਤੋਂ ਛੁਟ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ ਅਰਥਾਤ ਦੁਨਿਆਵੀ ਸੁਖਦਾਇਕ ਵਸਤਾਂ ਦੀ ਅਣਹੋਂਦ ਹੈ ਉਸ ਦੀ ਜਾਤ ਛੀਂਬਾ ਹੈ ਅਤੇ ਅਤੇ ਉਹ ਅਛੂਤ ਮੰਨਿਆਂ ਜਾਂਦਾ ਹੈ ਪਰ ਉਸ ਦੀ ਵਡਿਆਈ ਸੱਤਾਂ ਦੀਪਾਂ ਵਿੱਚ ਹੋ ਰਹੀ ਹੈ, ਰਿਸ਼ੀ ਵਿਆਸ ਅਤ ਸਨਕ ਆਦਿ ਦੁਆਰਾ ਰਚਿਤ ਪੁਸਤਕਾਂ ਇਸ ਗੱਲ ਦਾ ਪ੍ਰਮਾਣ ਪ੍ਰਸਤੁਤ ਕਰਦੀਆਂ ਹਨ ਕਿ ਨਾਮ ਅਤੇ ਇਸ ਦੇ ਧਾਰਣੀ ਦੀ ਮਹਿਮਾ ਸੱਤਾਂ ਦੀਪਾਂ ਵਿੱਚ ਹੁੰਦੀ ਹੈ।

ਜਿਸ ਕਬੀਰ ਦੀ ਜਾਤ ਦੇ ਲੋਕ ਮੁਸਲਮਾਨ ਬਣਕੇ ਈਦ ਬਕਰੀਦ ਦੇ ਸਮੇਂ ਗਊਆਂ ਵਢਦੇ ਜਾਂ ਹਲਾਲ ਕਰਦੇ ਰਹੇ ਅਤੇ ਜਿਨ੍ਹਾਂ ਦੇ ਘਰੀਂ ਸੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਪੂਜਾ ਹੁੰਦੀ ਰਹੀ, ਜਿਸ ਕਬੀਰ ਦੇ ਵਡੇ ਵਡੇਰੇ ਇਹ ਕੁਝ ਕਰਦੇ ਰਹੇ ਉਹਨਾਂ ਦੇ ਪੁਤਰ ਕਬੀਰ ਨੂੰ ਅਜਿਹੀ ਸੁਰ ਆਈ ਕਿ ਉਸ ਨੇ ਪਰ-ਭਗਤੀ ਸੁਹਣਾ ਤੁਲੱਕਾਂ ਵਿੱਚ ਪ੍ਰਸਿਧੀ ਪ੍ਰਾਪਤ ਕਰ ਵਿਖਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦੇ ਖ਼ਾਨਦਾਨ ਦੇ ਸਾਰੇ ਨੀਚ ਲੋਕ ਅੱਜ ਵੀ ਬਨਾਰਸ ਦੇ ਕੋਲ ਪਾਸ ਮੋਏ ਹੋਏ ਪਸ਼ੂਆਂ ਨੂੰ ਢੋਂਦੇ ਫਿਰਦੇ ਹਨ ਉਹਨਾਂ ਦੇ ਪੁਤਰ ਰਵਿਦਾਸ ਨੂੰ, ਜੋ ਪ੍ਰਭੂ ਦੇ ਦਾਸਾਂ ਦਾ ਵੀ ਦਾਸ ਹੈ, ਮਰਯਾਦਾਵਾਦੀ ਬ੍ਰਾਹਮਣ ਵੀ ਸਤਿਕਾਰ ਸਹਿਤ ਡੰਡਵਤ ਪ੍ਰਣਾਮ ਕਰਦੇ ਹਨ, ਨਮਸਕਾਰ ਅਰਥਾਤ ਉਸ ਅੱਗੇ ਆਪਣਾ ਸਿਰ ਨਿਭਾਉਂਦੇ ਹਨ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਫੁਰਮਾਇਆ ਹੈ ਕਿ ਪਰਮਾਤਮਾ ਮਾਇਆ ਪਤੀ ਹੈ ਜਿਸ ਦੀ ਭਗਤੀ ਦੁਆਰਾ ਨੀਚ ਸਮਝੇ ਜਾਂਦੇ ਵਿਅਕਤੀ ਜੀਵਨ ਵਿੱਚ ਉਚੀਆਂ ਸਿਖਰਾਂ ਛੂਹ ਜਾਂਦੇ ਹਨ। ਨਾਮਦੇਵ, ਕਬੀਰ ਅਤੇ ਰਵਿਦਾਸ ਇਸ ਤਥ ਦਾ ਪ੍ਰਤੱਖ ਪ੍ਰਮਾਣ ਹਨ।

(੪੦)

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।
ਸਾਧ ਸੰਗਤਿ ਪਾਈ ਪਰਮਗਤੇ ।। ਰਹਾਉ ।।
ਮੈਲੇ ਕਪਰੇ ਕਹਾ ਲਉ ਧੋਵਉ ।।
ਆਵੈਗੀ ਨੀਦ ਕਹਾ ਲਗੁ ਸੋਵਉ ।। ੧ ।।
ਜੋਈ ਜੋਈ ਜੋਰਿਉ ਸੋਈ ਸੋਈ ਫਾਟਿਉ ।।
ਝੂਠੈ ਬਠਜਿ ਉਠਿ ਹੀ ਗਈ ਹਾਟਿਉ ।। ੨ ।।
ਕਹੁ ਰਵਿਦਾਸ ਭਇਉ ਜਬ ਲੇਖੋ ।।
ਜੋਈ ਜੋਈ ਕੀਨੋ ਸੋਈ ਸੋਈ ਦੇਖਿਉ ।।੩।।੧।।

(ਰਾਗੁ ਮਲਾਰ, ਸ਼ਬਦਾਰਥ, ਪੰਨਾ ੧੨੯੩)

ਟੀਕਾ-ਵਿਆਖਿਆ : ਕਿਸ ਪ੍ਰਕਾਰ ਦੀ ਭਗਤੀ ਕੀਤਿਆਂ ਪ੍ਰਾਣ-ਪਤੀ ਪਰਮੇਸਰ ਨਾਲ ਮਿਲਾਪ ਪ੍ਰਾਪਤ ਹੋ ਸਕਦਾ ਹੈ ? ਮੈਂ ਸਾਧ ਸੰਗਤ ਦੁਆਰਾ ਪਰਮਗਤੀ ਅਥਵਾ ਮੁਕਤੀ-ਪਦ ਨੂੰ ਪ੍ਰਾਪਤ ਹੋਇਆ ਹਾਂ। ਅਰਥਾਤ ਸਾਧ ਸੰਗਤ ਦੁਆਰਾ ਕੀਤੀ ਭਗਤੀ ਹੀ ਪ੍ਰਭੂ ਮਿਲਾਪ ਅਥਵਾ ਪਰਮ-ਪਦ ਦੀ ਪ੍ਰਾਪਤੀ ਕਰਵਾ ਸਕਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕਦ ਤੀਕ ਮੈਲੇ ਕਪੜੇ ਧੋਂਦਾ ਰਹਾਂਗਾ । ਅਰਥਾਤ ਨਿੰਦਾ ਦੇ ਕਰਮ ਵਿੱਚ ਲਗਿਆ ਰਹਾਂਗਾ ? ਅਤੇ ਕਦ ਤੀਕ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਕਹਾਂਗਾ । ਅਰਥਾਤ ਸਾਧਾਂ ਦੀ ਸੰਗਤ ਕਾਰਣ ਨਾਂ ਤਾ ਮੈਂ ਪਰਾਈ ਨਿੰਦਿਆ ਵਿੱਚ ਰੁਚਿਤ ਹੋਵਾਂਗਾ ਅਤੇ ਨਾਂ ਹੀ ਅਗਿਆਨਤਾ ਦੀ ਨੀਂਦ ਸੋਵਾਂਗਾ ।

ਜੋ ਜੋ ਕੁਕਰਮ ਮੈਂ ਇੱਕਠੇ ਕੀਤੇ ਸਨ ਉਹਨਾਂ ਸਭਨਾਂ ਦਾ ਲੇਖਾ ਹੁਣ ਫ਼ਟ ਗਿਆ ਹੈ ਅਰਥਾਤ ਸੰਚਿਤ ਕੁਕਰਮਾਂ ਦਾ ਨਾਸ਼ ਹੋ ਗਿਆ ਹੈ ਤੇ ਇੰਜ ਮੇਰੀ ਜੂਠੇ ਕਰਮ-ਵਪਾਰ ਦੀ ਦੁਕਾਨ ਹੀ ਉਠ ਗਈ ਹੈ ।

10076

ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਕਿਸ ਦੇ ਕਰਮਾਂ ਦਾ ਲੇਖਾ ਹੁੰਦਾ ਹੈ ਉਦੋਂ ਜੋ ਜੋ ਕਰਮ ਕੀਤੇ ਹੁੰਦੇ ਹਨ ਉਹ ਸਭ ਪ੍ਰਤੱਖ ਨਜ਼ਰ ਆ ਜਾਂਦੇ ਹਨ ।

ਸਾਰੰਸ਼ : ਇਸ ਸ਼ਬਦ ਵਿੱਚ ਰਵਿਦਾਸ ਜੀ ਨੇ ਦਸਿਆ ਹੈ ਕਿ ਸਾਧ ਸੰਗਤ ਵਿੱਚ ਰਹਿ ਕੇ ਕੀਤੀ ਭਗਤੀ ਦੁਆਰਾ ਪ੍ਰਭੂ-ਮਿਲਾਪ ਅਥਵਾ ਪਰਮ-ਪਦ ਦੀ ਪ੍ਰਾਪਤੀ ਹੁੰਦੀ ਹੈ । ਫਲਸਰੂਪ ਸਾਧਕ ਦੇ ਸਮਸਤ ਕੁਕਰਮ, ਨਿੰਦਿਆ, ਝੂਠ ਆਦਿ ਮੂਲੋਂ ਹੀ ਨਾਸ਼ ਹੋ ਜਾਂਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL [illegible] LIBRARY		
	Signature	Date
Accession	A 21255	
Class on		
Cat on		
[illegible]		
Binding		
F A R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar